# ਪੰਜਾਬ ਵਿਧਾਨ ਸਭਾ

**ਬਿੱਲ ਨੰ.8-ਪੀ.ਐਲ.ਏ.-2024**

**ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਤਰਮੀਮ) ਬਿੱਲ, 2024**

**2024 ਦਾ ਪੰਜਾਬ ਬਿੱਲ ਨੰ.**

**ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 ਵਿੱਚ ਹੋਰ ਸੋਧ ਕਰਨ ਲਈ ਇੱਕ ਬਿੱਲ**

ਇਹ ਭਾਰਤੀ ਗਣਰਾਜ ਦੇ ਪਛੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ:-

ਸੰਖੇਪ ਸਿਰਲੇਖ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਤਰਮੀਮ) ਐਕਟ, 2024 ਕਿਹਾ ਜਾ ਸਕਦਾ ਹੈ।

(2) ਜਦੋਂ ਤੱਕ ਹੋਰਵੇਂ ਪ੍ਰਸੰਗ ਲੋੜੀਂਦੇ ਨਾ ਹੋਣ, ਇਸ ਐਕਟ ਦੇ ਉਪਬੰਧ ਅਜਿਹੀ ਮਿਤੀ ਤੋਂ ਲਾਗੂ ਹੋਣਗੇ, ਜੋ ਪੰਜਾਬ ਸਰਕਾਰ ਵੱਲੋਂ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਰਾਹੀਂ ਨਿਰਧਾਰਤ ਕੀਤੀ ਜਾਵੇਗੀ:

ਬਸ਼ਰਤੇ ਕਿ ਇਸ ਐਕਟ ਦੇ ਵੱਖ-ਵੱਖ ਉਪਬੰਧਾਂ ਲਈ ਵੱਖ-ਵੱਖ ਮਿਤੀਆਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਐਕਟ ਦੇ ਲਾਗੂ ਹੋਣ ਦੇ ਕਿਸੇ ਵੀ ਅਜਿਹੇ ਉਪਬੰਧ ਵਿੱਚ ਕਿਸੇ ਵੀ ਸੰਦਰਭ ਨੂੰ ਉਸ ਉਪਬੰਧ ਦੇ ਲਾਗੂ ਹੋਣ ਦੇ ਸੰਦਰਭ ਵਜੋਂ ਸਮਝਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 2 ਵਿੱਚ ਸੋਧ।

2. ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ),ਦੀ ਧਾਰਾ 2 ਵਿੱਚ, ਅਪ੍ਰੈਲ, 2025 ਦੇ ਪਹਿਲੇ ਦਿਨ ਤੋਂ, ਧਾਰਾ 61 ਨੂੰ ਹੇਠ ਲਿਖੀ ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"(61) "ਇਨਪੁਟ ਸਰਵਿਸ ਡਿਸਟ੍ਰੀਬਿਊਟਰ" ਦਾ ਅਰਥ ਹੈ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਪਲਾਇਰ ਦਾ ਦਫਤਰ ਜੋ ਇਨਪੁਟ ਸੇਵਾਵਾਂ ਦੀ ਪ੍ਰਾਪਤੀ ਲਈ ਟੈਕਸ ਇਨਵੌਇਸ ਪ੍ਰਾਪਤ ਕਰਦਾ ਹੈ, ਜਿਸ ਵਿੱਚ ਧਾਰਾ 25 ਵਿੱਚ ਦਰਸਾਏ ਗਏ ਵੱਖ-ਵੱਖ ਵਿਅਕਤੀਆਂ ਲਈ ਜਾਂ ਉਨ੍ਹਾਂ ਦੀ ਤਰਫ਼ੋਂ, ਧਾਰਾ 9 ਦੀ ਉਪ-ਧਾਰਾ (3) ਜਾਂ ਉਪ-ਧਾਰਾ (4) ਦੇ ਤਹਿਤ ਟੈਕਸ ਲਈ ਦੇਣਯੋਗ ਸੇਵਾਵਾਂ ਦੇ ਸਬੰਧ ਵਿੱਚ ਇਨਵੌਇਸ ਸ਼ਾਮਲ ਹਨ ਅਤੇ ਅਜਿਹੇ ਇਨਵੌਇਸਾਂ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਨੂੰ ਧਾਰਾ 20 ਵਿੱਚ ਪ੍ਰਦਾਨ ਕੀਤੇ ਗਏ ਤਰੀਕੇ ਨਾਲ ਵੰਡਣ ਲਈ ਜਵਾਬਦੇਹ ਹੈ।"

2017 ਦੇ ਪੰਜਾਬ ਐਕਟ 5 ਦੀ ਧਾਰਾ 9 ਵਿੱਚ ਸੋਧ

3. ਪ੍ਰਿੰਸੀਪਲ ਐਕਟ ਵਿੱਚ ਧਾਰਾ 9 ਦੀ ਉਪ-ਧਾਰਾ (1) ਵਿੱਚ, "ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ" ਸ਼ਬਦਾਂ ਤੋਂ ਬਾਅਦ, "ਅਤੇ ਅਣ-ਡਿਨੈਚਰਡ ਵਾਧੂ ਨਿਊਟ੍ਰਲ ਅਲਕੋਹਲ ਜਾਂ ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ ਦੇ ਨਿਰਮਾਣ ਲਈ ਵਰਤੀ ਜਾਂਦੀ ਰੀਕਟੀਫਾਈਡ ਸਪਿਰਿਟ " ਸ਼ਾਮਲ ਕੀਤੀ ਜਾਵੇਗੀ।

2017 ਦੇ ਪੰਜਾਬ ਐਕਟ 5 ਦੀ ਧਾਰਾ 10 ਵਿੱਚ ਸੋਧ

4. ਪ੍ਰਿੰਸੀਪਲ ਐਕਟ ਵਿੱਚ, ਧਾਰਾ 10 ਦੀ ਉਪ-ਧਾਰਾ (5) ਵਿੱਚ, "ਧਾਰਾ 73 ਜਾਂ ਧਾਰਾ 74", ਸ਼ਬਦਾਂ ਅਤੇ ਅੰਕੜਿਆਂ ਦੇ ਬਾਅਦ "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 11ਏ ਸ਼ਾਮਲ ਕਰਨਾ

5.ਪ੍ਰਿੰਸੀਪਲ ਐਕਟ ਵਿੱਚ, ਧਾਰਾ 11 ਤੋਂ ਬਾਅਦ, ਨਿਮਨ ਲਿਖਤ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:–

ਆਮ ਅਭਿਆਸ ਦੇ ਨਤੀਜੇ ਵਜੋਂ ਵਸਤੂਆਂ ਅਤੇ ਸੇਵਾਵਾਂ ਟੈਕਸ ਦੀ ਵਸੂਲੀ ਨਾ ਕਰਨ ਦੀ ਸ਼ਕਤੀ ਜਾਂ ਥੋੜ੍ਹੇ ਸਮੇਂ ਲਈ ਵਸੂਲੇ ਨਹੀਂ ਗਏ।

"11ਏ। ਇਸ ਐਕਟ ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਜੇਕਰ ਸਰਕਾਰ ਇਸ ਗੱਲ ਤੋਂ ਸੰਤੁਸ਼ਟ ਹੈ ਕਿ —

(a) ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਕਿਸੇ ਵੀ ਸਪੁਰਦਗੀ 'ਤੇ ਰਾਜ ਟੈਕਸ (ਉਸ ਦੀ ਗੈਰ-ਵਸੂਲੀ ਸਮੇਤ) ਵਸੂਲਨ ਦੇ ਸਬੰਧ ਵਿੱਚ ਇੱਕ ਅਭਿਆਸ ਆਮ ਤੌਰ 'ਤੇ ਪ੍ਰਚਲਿਤ ਸੀ, ਜਾਂ ਹੈ; ਅਤੇ

(b) ਅਜਿਹੀਆਂ ਸਪੁਰਦਗੀਆਂ ਨਿਮਨ ਅਨੁਸਾਰ ਜਵਾਬਦੇਹ ਸਨ, ਜਾਂ ਹਨ, –

(i) ਰਾਜ ਟੈਕਸ, ਉਹਨਾਂ ਮਾਮਲਿਆਂ ਵਿੱਚ ਜਿੱਥੇ ਉਪਰੋਕਤ ਅਭਿਆਸ ਦੇ ਅਨੁਸਾਰ, ਰਾਜ ਟੈਕਸ ਨਹੀਂ ਲਗਾਇਆ ਗਿਆ ਸੀ, ਜਾਂ ਨਹੀਂ ਲਗਾਇਆ ਜਾ ਰਿਹਾ ਹੈ, ਜਾਂ

(ii) ਉਪਰੋਕਤ ਅਭਿਆਸ ਦੇ ਅਨੁਸਾਰ ਲਗਾਇਆ ਗਿਆ ਜਾਂ ਲਗਾਏ ਜਾ ਰਹੇ ਰਾਜ ਟੈਕਸ ਤੋਂ ਵੱਧ ਰਾਜ ਟੈਕਸ ਦੀ ਰਕਮ,

ਸਰਕਾਰ, ਕਾਉਂਸਿਲ ਦੀ ਸਿਫ਼ਾਰਸ਼ 'ਤੇ, ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਦੁਆਰਾ, ਨਿਰਦੇਸ਼ ਦੇ ਸਕਦੀ ਹੈ ਕਿ ਅਜਿਹੀਆਂ ਸਪੁਰਦਗੀਆਂ 'ਤੇ ਭੁਗਤਾਨ ਯੋਗ ਰਾਜ ਦਾ ਸਾਰਾ ਟੈਕਸ, ਜਾਂ, ਜਿਵੇਂ ਦਾ ਵੀ ਮਾਮਲਾ ਹੋਵੇ, ਅਜਿਹੀਆਂ ਸਪੁਰਦਗੀਆਂ 'ਤੇ ਭੁਗਤਾਨਯੋਗ ਟੈਕਸ ਤੋਂ ਵੱਧ ਰਾਜ ਟੈਕਸ, ਪਰ ਉਕਤ ਅਭਿਆਸ ਲਈ, ਉਹਨਾਂ ਸਪੁਰਦਗੀਆਂ ਦੇ ਸਬੰਧ ਵਿੱਚ ਭੁਗਤਾਨ ਕਰਨ ਦੀ ਲੋੜ ਨਹੀਂ ਹੋਵੇਗੀ ਜਿਨ੍ਹਾਂ ਉੱਤੇ ਰਾਜ ਟੈਕਸ ਨਹੀਂ ਲਗਾਇਆ ਗਿਆ ਸੀ, ਜਾਂ ਨਹੀਂ ਲਗਾਇਆ ਜਾ ਰਿਹਾ ਸੀ, ਜਾਂ ਉਕਤ ਅਭਿਆਸ ਦੇ ਅਨੁਸਾਰ ਘਟ ਵਸੂਲਿਆ ਗਿਆ ਸੀ, ਜਾਂ . ਜਾ ਰਿਹਾ ਹੈ।"

2017 ਦੇ ਪੰਜਾਬ ਐਕਟ 5 ਦੀ ਧਾਰਾ 13 ਵਿੱਚ ਸੋਧ

6. ਪ੍ਰਿੰਸੀਪਲ ਐਕਟ ਵਿੱਚ, ਧਾਰਾ 13 ਦੀ ਉਪ-ਧਾਰਾ (3) ਵਿੱਚ,—

(i) ਧਾਰਾ (ਬੀ) ਵਿੱਚ, "ਸਪਲਾਇਰ ਦੁਆਰਾ:" ਸ਼ਬਦਾਂ ਨੂੰ, "ਸਪਲਾਇਰ ਦੁਆਰਾ, ਉਹਨਾਂ ਮਾਮਲਿਆਂ ਵਿੱਚ ਜਿੱਥੇ ਸਪਲਾਇਰ ਦੁਆਰਾ ਇਨਵੌਇਸ ਜਾਰੀ ਕਰਨ ਦੀ ਲੋੜ ਹੁੰਦੀ ਹੈ; ਜਾਂ" ਸ਼ਬਦਾਂ ਨਾਲ ਬਦਲਿਆ ਜਾਵੇਗਾ;

(ii) ਧਾਰਾ (ਬੀ) ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:–

"(c) ਪ੍ਰਾਪਤਕਰਤਾ ਦੁਆਰਾ ਇਨਵੌਇਸ ਜਾਰੀ ਕਰਨ ਦੀ ਮਿਤੀ, ਉਹਨਾਂ ਮਾਮਲਿਆਂ ਵਿੱਚ ਜਿੱਥੇ ਪ੍ਰਾਪਤਕਰਤਾ ਦੁਆਰਾ ਇਨਵੌਇਸ ਜਾਰੀ ਕੀਤਾ ਜਾਣਾ ਹੁੰਦਾ ਹੈ:";

(iii) ਪਹਿਲੀ ਵਿਵਸਥਾ ਵਿੱਚ, ਸ਼ਬਦਾਂ, ਬਰੈਕਟਾਂ ਅਤੇ ਅੱਖਰ "ਜਾਂ ਧਾਰਾ (ਬੀ)" ਤੋਂ ਬਾਅਦ "ਜਾਂ ਧਾਰਾ (ਸੀ)" ਸ਼ਬਦ, ਬਰੈਕਟ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 16 ਵਿੱਚ ਸੋਧ

7. ਪ੍ਰਿੰਸੀਪਲ ਐਕਟ ਵਿੱਚ, ਧਾਰਾ 16 ਵਿੱਚ, 1 ਜੁਲਾਈ, 2017 ਤੋਂ, ਉਪ-ਧਾਰਾ (4) ਤੋਂ ਬਾਅਦ, ਹੇਠ ਲਿਖੀਆਂ ਉਪ ਧਾਰਾਵਾਂ ਸ਼ਾਮਲ ਕੀਤੀਆਂ ਜਾਣਗੀਆਂ, ਅਰਥਾਤ:—

"(5) ਉਪ-ਧਾਰਾ (4) ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਵਿੱਤੀ ਸਾਲ 2017-18, 2018-19, 2019-20 ਅਤੇ 2020-21 ਨਾਲ ਸਬੰਧਤ ਵਸਤੂ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਲਈ ਕਿਸੇ ਇਨਵੌਇਸ ਜਾਂ ਡੈਬਿਟ ਨੋਟ ਦੇ ਸਬੰਧ ਵਿੱਚ, ਰਜਿਸਟਰਡ ਵਿਅਕਤੀ ਧਾਰਾ 39 ਦੇ ਤਹਿਤ ਨਵੰਬਰ, 2021 ਦੇ ਤੀਹਵੇਂ ਦਿਨ ਤੱਕ ਦਾਇਰ ਕੀਤੀ ਕਿਸੇ ਵੀ ਰਿਟਰਨ ਵਿੱਚ ਇਨਪੁਟ ਟੈਕਸ ਕ੍ਰੈਡਿਟ ਲੈਣ ਦਾ ਹੱਕਦਾਰ ਹੋਵੇਗਾ ।

(6) ਜਿੱਥੇ ਧਾਰਾ 29 ਦੇ ਤਹਿਤ ਰਜਿਸਟਰਡ ਵਿਅਕਤੀ ਦੀ ਰਜਿਸਟ੍ਰੇਸ਼ਨ ਰੱਦ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਕਿਸੇ ਵੀ ਹੁਕਮ ਦੁਆਰਾ ਰੱਦ ਰਜਿਸਟ੍ਰੇਸ਼ਨ ਦੀ ਜਾਂ ਤਾਂ ਧਾਰਾ 30 ਦੇ ਅਧੀਨ ਜਾਂ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ ਦੁਆਰਾ ਕੀਤੇ ਗਏ ਕਿਸੇ ਆਦੇਸ਼ ਅਨੁਸਾਰ ਮਨਸੂਖੀ ਕੀਤੀ ਜਾਂਦੀ ਹੈ, ਅਤੇ ਜਿੱਥੇ ਇਨਪੁਟ ਟੈਕਸ ਕ੍ਰੈਡਿਟ ਦੀ ਉਪਲਬਧਤਾ ਰਜਿਸਟ੍ਰੇਸ਼ਨ ਰੱਦ ਕਰਨ ਦੇ ਆਦੇਸ਼ ਦੀ ਮਿਤੀ 'ਤੇ ਉਪ-ਧਾਰਾ (4) ਦੇ ਤਹਿਤ ਕਿਸੇ ਇਨਵੌਇਸ ਜਾਂ ਡੈਬਿਟ ਨੋਟ ਦੇ ਸਬੰਧ ਵਿੱਚ ਸੀਮਤ ਨਹੀਂ ਸੀ, ਉਕਤ ਵਿਅਕਤੀ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਲਈ ਅਜਿਹੇ ਇਨਵੌਇਸ ਜਾਂ ਡੈਬਿਟ ਨੋਟ ਦੇ ਸਬੰਧ ਵਿੱਚ ਧਾਰਾ 39 ਤਹਿਤ ਰੀਟਰਨ ਵਿੱਚ ਇਨਪੁਟ ਟੈਕਸ ਕ੍ਰੈਡਿਟ ਲੈਣ ਦਾ ਹੱਕਦਾਰ ਹੋਵੇਗਾ,--

(i) ਅਜਿਹੇ ਇਨਵੌਇਸ ਜਾਂ ਡੈਬਿਟ ਨੋਟ ਨਾਲ ਸਬੰਧਤ ਵਿੱਤੀ ਸਾਲ ਤੋਂ ਬਾਅਦ ਨਵੰਬਰ ਦੇ ਤੀਹਵੇਂ ਦਿਨ ਤੱਕ ਦਾਇਰ ਕੀਤੀ ਗਈ ਜਾਂ ਸਬੰਧਤ ਸਾਲਾਨਾ ਰਿਟਰਨ ਪੇਸ਼ ਕਰਨਾ, ਜੋ ਵੀ ਪਹਿਲਾਂ ਹੋਵੇ; ਜਾਂ

(ii) ਰਜਿਸਟ੍ਰੇਸ਼ਨ ਰੱਦੀਕਰਨ ਦੀ ਮਿਤੀ ਦੀ ਮਿਆਦ ਲਈ ਜਾਂ ਰਜਿਸਟ੍ਰੇਸ਼ਨ ਰੱਦ ਕਰਨ ਦੀ ਪ੍ਰਭਾਵੀ ਮਿਤੀ ਤੋਂ, ਜਿਵੇਂ ਦਾ ਵੀ ਮਾਮਲਾ ਹੋਵੇ, ਰਜਿਸਟ੍ਰੇਸ਼ਨ ਰੱਦੀਕਰਨ ਦੀ ਮਨਸੂਖੀ ਦੇ ਆਦੇਸ਼ ਦੀ ਮਿਤੀ ਤੱਕ, ਜਿੱਥੇ ਅਜਿਹੀ ਰਿਟਰਨ ਰਜਿਸਟ੍ਰੇਸ਼ਨ ਰੱਦੀਕਰਨ ਦੀ ਮਨਸੂਖੀ ਦੇ ਆਦੇਸ਼ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਜਾਂਦੀ ਹੈ, ਜੋ ਵੀ ਬਾਅਦ ਵਿੱਚ ਹੋਵੇ।"

2017 ਦੇ ਪੰਜਾਬ ਐਕਟ

8. ਪ੍ਰਿੰਸੀਪਲ ਐਕਟ ਦੀ ਧਾਰਾ 17 ਦੀ ਉਪ-ਧਾਰਾ (5) ਦੇ ਕਲਾਜ਼ (i) ਵਿੱਚ,"ਧਾਰਾ 74, 129 ਅਤੇ 130", ਸ਼ਬਦਾਂ ਅਤੇ ਅੰਕੜਿਆਂ ਨੂੰ "ਵਿੱਤੀ ਸਾਲ 2023-24 ਤੱਕ ਕਿਸੇ ਵੀ ਮਿਆਦ ਦੇ

5 ਦੀ ਧਾਰਾ 17 ਵਿੱਚ ਸੋਧ

ਸਬੰਧ ਵਿੱਚ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਨਾਲ ਬਦਲਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 20 ਦਾ ਬਦਲ

ਇਨਪੁਟ ਸੇਵਾ ਵਿਤਰਕਾਂ ਦੁਆਰਾ ਕ੍ਰੈਡਿਟ ਦੀ ਵੰਡ ਦਾ ਢੰਗ

9. ਪ੍ਰਿੰਸੀਪਲ ਐਕਟ ਦੀ ਧਾਰਾ 20 ਨੂੰ ਮਿਤੀ 1 ਅਪ੍ਰੈਲ, 2025 ਤੋਂ ਪ੍ਰਭਾਵੀ ਢੰਗ ਨਾਲ, ਹੇਠ ਲਿਖੀ ਧਾਰਾ ਨਾਲ ਬਦਲਿਆ ਜਾਵੇਗਾ, ਅਰਥਾਤ:-

"20. (1) ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਪਲਾਇਰ ਦਾ ਕੋਈ ਵੀ ਦਫ਼ਤਰ, ਜੋ ਇਨਪੁਟ ਸੇਵਾਵਾਂ ਦੀ ਪਾਪਤੀ ਲਈ ਟੈਕਸ ਇਨਵੌਇਸ ਪ੍ਰਾਪਤ ਕਰਦਾ ਹੈ, ਜਿਸ ਵਿੱਚ ਧਾਰਾ 25 ਵਿੱਚ ਦਰਸਾਏ ਗਏ ਵੱਖ-ਵੱਖ ਵਿਅਕਤੀਆਂ ਲਈ ਜਾਂ ਦੀ ਤਰਫ਼ੋਂ ਧਾਰਾ 9 ਦੀ ਉਪ-ਧਾਰਾ (3) ਜਾਂ ਉਪ-ਧਾਰਾ (4) ਅਧੀਨ ਟੈਕਸਯੋਗ ਸੇਵਾਵਾਂ ਦੇ ਸੰਦਰਭ ਵਿੱਚ ਇਨਵੌਇਸ ਸ਼ਾਮਲ ਹਨ, ਨੂੰ ਧਾਰਾ 24 ਦੇ ਕਲਾਜ (viii) ਦੇ ਤਹਿਤ ਇਨਪੁਟ ਸੇਵਾ ਵਿਤਰਕ ਵਜੋਂ ਰਜਿਸਟਰਡ ਹੋਣ ਦੀ ਲੋੜ ਹੋਵੇਗੀ ਅਤੇ ਅਜਿਹੇ ਇਨਵੌਇਸਾਂ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਵੰਡੇਗਾ।

(2) ਇਨਪੁਟ ਸੇਵਾ ਵਿਤਰਕ ਉਸ ਦੁਆਰਾ ਪ੍ਰਾਪਤ ਇਨਵੌਇਸਾਂ 'ਤੇ ਵਸੂਲੇ ਗਏ ਰਾਜ ਟੈਕਸ ਦੇ ਕ੍ਰੈਡਿਟ ਨੂੰ ਨਿਰਧਾਰਤ ਕੀਤੇ ਅਨੁਸਾਰ ਅਜਿਹੇ ਢੰਗ ਨਾਲ, ਅਜਿਹੇ ਸਮੇਂ ਦੇ ਅੰਦਰ ਅਤੇ ਅਜਿਹੀਆਂ ਪਾਬੰਦੀਆਂ ਅਤੇ ਸ਼ਰਤਾਂ ਦੇ ਅਧੀਨ ਵੰਡੇਗਾ, ਜਿਸ ਵਿੱਚ ਧਾਰਾ 9 ਦੀ ਉਪ-ਧਾਰਾ 3 ਜਾਂ ਉਪ-ਧਾਰਾ 4 ਅਧੀਨ ਟੈਕਸ ਲਗਾਉਣਯੋਗ ਸੇਵਾਵਾਂ ਦੇ ਸਬੰਧ ਵਿੱਚ ਰਾਜ ਦੇ ਟੈਕਸ ਦਾ ਕ੍ਰੈਡਿਟ ਵੀ ਸ਼ਾਮਲ ਹੈ, ਜੋ ਉਕਤ ਇਨਪੁਟ ਸੇਵਾ ਵਿਤਰਕ ਦੇ ਰਾਜ ਵਿੱਚ ਰਜਿਸਟਰਡ ਕਿਸੇ ਵੱਖਰੇ ਵਿਅਕਤੀ ਦੁਆਰਾ ਅਦਾ ਕੀਤਾ ਜਾਂਦਾ ਹੈ।

(3) ਰਾਜ ਟੈਕਸ ਦੇ ਕ੍ਰੈਡਿਟ ਨੂੰ ਰਾਜ ਦੇ ਟੈਕਸ ਜਾਂ ਏਕੀਕ੍ਰਿਤ ਟੈਕਸ ਦੇ ਰੂਪ ਵਿੱਚ, ਇਨਪੁਟ ਟੈਕਸ ਕ੍ਰੈਡਿਟ ਦੀ ਰਕਮ ਵਾਲੇ ਦਸਤਾਵੇਜ਼ ਜਾਰੀ ਕਰਨ ਦੇ ਢੰਗ ਨਾਲ ਵੰਡਿਆ ਜਾਵੇਗਾ, ਜਿਵੇਂ ਕਿ ਨਿਰਧਾਰਤ ਕੀਤਾ ਗਿਆ ਹੋਵੇ।"

2017 ਦੇ ਪੰਜਾਬ ਐਕਟ 5 ਦੀ ਧਾਰਾ 21 ਵਿੱਚ ਸੋਧ

10. ਪ੍ਰਿੰਸੀਪਲ ਐਕਟ ਦੀ ਧਾਰਾ 21 ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ,"ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 30 ਵਿੱਚ ਸੋਧ

11. ਪ੍ਰਿੰਸੀਪਲ ਐਕਟ ਦੀ ਧਾਰਾ 30 ਦੀ ਉਪ-ਧਾਰਾ (2) ਵਿੱਚ, ਉਪਬੰਧ ਤੋਂ ਬਾਅਦ, ਨਿਮਨਲਿਖਤ ਉਪਬੰਧ ਸ਼ਾਮਲ ਕੀਤਾ ਜਾਵੇਗਾ, ਅਰਥਾਤ:—

"ਬਸ਼ਰਤੇ ਹੋਰ ਕਿ ਰਜਿਸਟ੍ਰੇਸ਼ਨ ਦੇ ਰੱਦੀਕਰਨ ਦੀ ਅਜਿਹੀ ਬਹਾਲੀ, ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਅਧੀਨ ਹੋਵੇਗੀ, ਜਿਵੇਂ ਕਿ ਨਿਰਧਾਰਤ ਕੀਤਾ ਗਿਆ ਹੋਵੇ।"

2017 ਦੇ ਪੰਜਾਬ ਐਕਟ 5 ਦੀ ਧਾਰਾ

12. ਪ੍ਰਿੰਸੀਪਲ ਐਕਟ ਦੀ ਧਾਰਾ 31 ਵਿੱਚ, -

(a) ਉਪ-ਧਾਰਾ (3) ਦੇ ਕਲਾਜ (ਐਫ਼) ਵਿੱਚ, "ਧਾਰਾ 9 ਦੇ" ਸ਼ਬਦਾਂ ਅਤੇ ਅੰਕੜੇ ਤੋਂ ਬਾਅਦ,

31 ਵਿੱਚ ਸੋਧ ", ਨਿਰਧਾਰਤ ਮਿਆਦ ਦੇ ਅੰਦਰ" ਸ਼ਬਦ ਸ਼ਾਮਲ ਕੀਤੇ ਜਾਣਗੇ;

(b) ਕਲਾਜ (ਜੀ) ਦੇ ਬਾਅਦ, ਹੇਠਾਂ ਦਿੱਤੀ ਵਿਆਖਿਆ ਪਾਈ ਜਾਵੇਗੀ, ਅਰਥਾਤ:--

'ਵਿਆਖਿਆ–ਕਲਾਜ (ਐਫ਼) ਦੇ ਉਦੇਸ਼ਾਂ ਲਈ, ਸਮੀਕਰਨ "ਪੂਰਤੀਕਰਤਾ ਜੋ ਰਜਿਸਟਰਡ ਨਹੀਂ ਹੈ" ਵਿੱਚ ਉਹ ਸਪਲਾਇਰ ਸ਼ਾਮਲ ਹੋਵੇਗਾ ਜੋ ਸਿਰਫ਼ ਧਾਰਾ 51 ਦੇ ਤਹਿਤ ਟੈਕਸ ਦੀ ਕਟੌਤੀ ਦੇ ਉਦੇਸ਼ ਲਈ ਰਜਿਸਟਰਡ ਹੈ।'

2017 ਦੇ ਪੰਜਾਬ ਐਕਟ 5 ਦੀ ਧਾਰਾ 35 ਵਿੱਚ ਸੋਧ

13. ਪ੍ਰਿੰਸੀਪਲ ਐਕਟ ਦੀ ਧਾਰਾ 35 ਦੀ ਉਪ-ਧਾਰਾ (6) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 39 ਵਿੱਚ ਸੋਧ

14. ਪ੍ਰਿੰਸੀਪਲ ਐਕਟ ਦੀ ਧਾਰਾ 39 ਵਿੱਚ, ਉਪ-ਧਾਰਾ (3) ਲਈ, ਹੇਠ ਲਿਖੀ ਉਪ-ਧਾਰਾ ਦੀ ਵਰਤੋਂ ਕੀਤੀ ਜਾਵੇਗੀ, ਅਰਥਾਤ: —

"(3) ਧਾਰਾ 51 ਦੇ ਤਹਿਤ ਸਰੋਤ 'ਤੇ ਟੈਕਸ ਕਟੌਤੀ ਕਰਨ ਲਈ ਲੋੜੀਂਦੇ ਹਰੇਕ ਰਜਿਸਟਰਡ ਵਿਅਕਤੀ ਮਹੀਨੇ ਦੌਰਾਨ ਕੀਤੀ ਗਈ ਕਟੌਤੀ ਦੇ ਹਰ ਕੈਲੰਡਰ ਮਹੀਨੇ ਲਈ ਅਜਿਹੇ ਰੂਪ ਅਤੇ ਢੰਗ ਅਤੇ ਅਜਿਹੇ ਸਮੇਂ ਦੇ ਅੰਦਰ ਇਲੈਕਟ੍ਰਾਨਿਕ ਰਿਟਰਨ ਪੇਸ਼ ਕਰੇਗਾ ਜਿਵੇਂ ਕਿ ਨਿਰਧਾਰਤ ਕੀਤਾ ਗਿਆ ਹੋਵੇ:

ਬਸ਼ਰਤੇ ਕਿ ਉਕਤ ਰਜਿਸਟਰਡ ਵਿਅਕਤੀ ਹਰ ਕੈਲੰਡਰ ਮਹੀਨੇ ਲਈ ਰਿਟਰਨ ਪੇਸ਼ ਕਰੇਗਾ ਭਾਵੇਂ ਉਕਤ ਮਹੀਨੇ ਦੌਰਾਨ ਕੋਈ ਕਟੌਤੀ ਕੀਤੀ ਗਈ ਹੋਵੇ ਜਾਂ ਨਾ ਕੀਤੀ ਗਈ ਹੋਵੇ।"

2017 ਦੇ ਪੰਜਾਬ ਐਕਟ 5 ਦੀ ਧਾਰਾ 49 ਵਿੱਚ ਸੋਧ

15. ਪ੍ਰਿੰਸੀਪਲ ਐਕਟ ਦੀ ਧਾਰਾ 49 ਦੀ ਉਪ-ਧਾਰਾ (8) ਦੇ ਕਲਾਜ (ਸੀ) ਵਿੱਚ," ਧਾਰਾ 73 ਜਾਂ ਧਾਰਾ 74", ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 50 ਵਿੱਚ ਸੋਧ

16. ਪ੍ਰਿੰਸੀਪਲ ਐਕਟ ਦੀ ਧਾਰਾ 50 ਦੀ ਉਪ-ਧਾਰਾ (1) ਵਿੱਚ, ਉਪਬੰਧ ਵਿੱਚ,"ਧਾਰਾ 73 ਜਾਂ ਧਾਰਾ 74", ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ "ਜਾਂ ਧਾਰਾ74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 51 ਵਿੱਚ ਸੋਧ

17. ਪ੍ਰਿੰਸੀਪਲ ਐਕਟ ਦੀ ਧਾਰਾ 51 ਦੀ ਉਪ-ਧਾਰਾ (7) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 54 ਵਿੱਚ ਸੋਧ

18. ਪ੍ਰਿੰਸੀਪਲ ਐਕਟ ਦੀ ਧਾਰਾ 54 ਵਿੱਚ, -

(a) ਉਪ-ਧਾਰਾ (3) ਵਿੱਚ, ਦੂਜੇ ਉਪਬੰਧ ਨੂੰ ਛੱਡ ਦਿੱਤਾ ਜਾਵੇਗਾ;

(b) ਉਪ-ਧਾਰਾ (14) ਤੋਂ ਬਾਅਦ ਅਤੇ ਵਿਆਖਿਆ ਤੋਂ ਪਹਿਲਾਂ, ਹੇਠ ਦਿੱਤੀ ਉਪ-ਧਾਰਾ ਪਾਈ

ਜਾਵੇਗੀ, ਅਰਥਾਤ: -

"(15) ਇਸ ਧਾਰਾ ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਬਾਵਜੂਦ, ਵਸਤੂ ਦੀ ਜ਼ੀਰੋ ਰੇਟਡ ਸਪਲਾਈ ਦੇ ਕਾਰਨ ਜਾਂ ਵਸਤੂਆਂ ਦੀ ਜ਼ੀਰੋ ਰੇਟਡ ਸਪਲਾਈ ਦੇ ਕਾਰਨ ਅਦਾ ਕੀਤੇ ਗਏ ਏਕੀਕ੍ਰਿਤ ਟੈਕਸ ਦੇ ਅਣਵਰਤੇ ਇਨਪੁਟ ਟੈਕਸ ਕ੍ਰੈਡਿਟ ਦੀ ਵਾਪਸੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਜਿੱਥੇ ਵਸਤੂ ਦੀ ਅਜਿਹੀ ਜ਼ੀਰੋ ਰੇਟਡ ਸਪਲਾਈ ਨਿਰਯਾਤ ਡਿਊਟੀ ਦੇ ਅਧੀਨ ਹੈ।"

2017 ਦੇ ਪੰਜਾਬ ਐਕਟ 5 ਦੀ ਧਾਰਾ 61 ਵਿੱਚ ਸੋਧ

19. ਪ੍ਰਿੰਸੀਪਲ ਐਕਟ ਦੀ ਧਾਰਾ 61 ਦੀ ਉਪ-ਧਾਰਾ (3) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 62 ਵਿੱਚ ਸੋਧ

20. ਪ੍ਰਿੰਸੀਪਲ ਐਕਟ ਦੀਧਾਰਾ 62 ਦੀਉਪ-ਧਾਰਾ (1) ਵਿੱਚ, "ਧਾਰਾ 73 ਜਾਂ ਧਾਰਾ 74" ਦੇ ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 63 ਵਿੱਚ ਸੋਧ

21. ਪ੍ਰਿੰਸੀਪਲ ਐਕਟ ਦੀ ਧਾਰਾ 63 ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 64 ਵਿੱਚ ਸੋਧ

22. ਪ੍ਰਿੰਸੀਪਲ ਐਕਟ ਦੀ ਧਾਰਾ 64 ਦੀ ਉਪ-ਧਾਰਾ (2) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 65 ਵਿੱਚ ਸੋਧ

23. ਪ੍ਰਿੰਸੀਪਲ ਐਕਟ ਦੀ ਧਾਰਾ 65 ਦੀ ਉਪ-ਧਾਰਾ (7) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 66 ਵਿੱਚ ਸੋਧ

24. ਪ੍ਰਿੰਸੀਪਲ ਐਕਟ ਦੀ ਧਾਰਾ 66 ਦੀ ਉਪ-ਧਾਰਾ (6) ਵਿੱਚ, "ਧਾਰਾ 73 ਜਾਂ ਧਾਰਾ 74" ਦੇ ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ,"ਜਾਂ ਧਾਰਾ 74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 70 ਵਿੱਚ ਸੋਧ

25. ਪ੍ਰਿੰਸੀਪਲ ਐਕਟ ਦੀ ਧਾਰਾ 70 ਦੀ ਉਪ-ਧਾਰਾ (1) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:

"(1A) ਉਪ-ਧਾਰਾ (1) ਅਧੀਨ ਤਲਬ ਕੀਤੇ ਗਏ ਸਾਰੇ ਵਿਅਕਤੀ ਵਿਅਕਤੀਗਤ ਤੌਰ 'ਤੇ ਜਾਂ ਕਿਸੇ ਅਧਿਕਾਰਤ ਪ੍ਰਤੀਨਿਧੀ ਦੁਆਰਾ ਹਾਜ਼ਰ ਹੋਣ ਲਈ ਪਾਬੰਦ ਹੋਣਗੇ, ਜਿਵੇਂ ਕਿ ਅਜਿਹਾ ਅਧਿਕਾਰੀ ਨਿਰਦੇਸ਼ ਕਰੇ, ਅਤੇ ਇਸ ਤਰ੍ਹਾਂ ਪੇਸ਼ ਹੋਣ ਵਾਲਾ ਵਿਅਕਤੀ ਪੜਤਾਲ ਦੌਰਾਨ

ਸੱਚ ਬਿਆਨ ਕਰੇਗਾ ਜਾਂ ਬਿਆਨ ਦੇਵੇਗਾ ਜਾਂ ਅਜਿਹੇ ਦਸਤਾਵੇਜ਼ ਅਤੇ ਹੋਰ ਚੀਜ਼ਾਂ ਪੇਸ਼ ਕਰੇਗਾ ਜਿਨ੍ਹਾਂ ਦੀ ਲੋੜ ਹੋ ਸਕਦੀ ਹੈ।"

2017 ਦੇ ਪੰਜਾਬ ਐਕਟ 5 ਦੀ ਧਾਰਾ 73 ਵਿੱਚ ਸੋਧ

26. ਪ੍ਰਿੰਸੀਪਲ ਐਕਟ ਦੀ ਧਾਰਾ 73 ਵਿੱਚ, -

(i) ਹਾਸ਼ੀਏ ਦੇ ਸਿਰਲੇਖ ਵਿੱਚ, "ਟੈਕਸ ਦੇ ਨਿਰਧਾਰਨ" ਸ਼ਬਦਾਂ ਦੇ ਬਾਅਦ, "ਵਿੱਤੀ ਸਾਲ 2023-24 ਤੱਕ ਦੀ ਮਿਆਦ ਨਾਲ ਸਬੰਧਤ" ਸ਼ਬਦ ਅਤੇ ਅੰਕੜੇ ਪਾਏ ਜਾਣਗੇ;

(ii) ਉਪ-ਧਾਰਾ (11) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਪਾਈ ਜਾਵੇਗੀ, ਅਰਥਾਤ:-

"(12) ਇਸ ਧਾਰਾ ਦੇ ਉਪਬੰਧ ਵਿੱਤੀ ਸਾਲ 2023-24 ਤੱਕ ਦੀ ਮਿਆਦ ਨਾਲ ਸਬੰਧਤ ਟੈਕਸ ਦੇ ਨਿਰਧਾਰਨ ਲਈ ਲਾਗੂ ਹੋਣਗੇ।"

2017 ਦੇ ਪੰਜਾਬ ਐਕਟ 5 ਦੀ ਧਾਰਾ 74 ਵਿੱਚ ਸੋਧ

27. ਪ੍ਰਿੰਸੀਪਲ ਐਕਟ ਦੀ ਧਾਰਾ 74 ਵਿੱਚ, -

(i) ਹਾਸ਼ੀਏ ਦੇ ਸਿਰਲੇਖ ਵਿੱਚ, "ਟੈਕਸ ਦੇ ਨਿਰਧਾਰਨ" ਸ਼ਬਦਾਂ ਦੇ ਬਾਅਦ, "ਵਿੱਤੀ ਸਾਲ 2023-24 ਤੱਕ ਦੀ ਮਿਆਦ ਨਾਲ ਸਬੰਧਤ" ਸ਼ਬਦ ਅਤੇ ਅੰਕੜੇ ਪਾਏ ਜਾਣਗੇ;

(ii) ਉਪ-ਧਾਰਾ (11) ਤੋਂ ਬਾਅਦ ਅਤੇ ਵਿਆਖਿਆ 1 ਤੋਂ ਪਹਿਲਾਂ, ਹੇਠਾਂ ਦਿੱਤੀ ਉਪ-ਧਾਰਾ ਪਾਈ ਜਾਵੇਗੀ, ਅਰਥਾਤ:--

"(12) ਇਸ ਧਾਰਾ ਦੇ ਉਪਬੰਧ ਵਿੱਤੀ ਸਾਲ 2023-24 ਤੱਕ ਦੀ ਮਿਆਦ ਨਾਲ ਸਬੰਧਤ ਟੈਕਸ ਦੇ ਨਿਰਧਾਰਨ ਲਈ ਲਾਗੂ ਹੋਣਗੇ।";

(iii) ਵਿਆਖਿਆ 2 ਨੂੰ ਛੱਡ ਦਿੱਤਾ ਜਾਵੇਗਾ।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 74ਏ ਸ਼ਾਮਲ ਕਰਨਾ

28. ਪ੍ਰਿੰਸੀਪਲ ਐਕਟ ਦੀ ਧਾਰਾ 74 ਤੋਂ ਬਾਅਦ, ਹੇਠ ਲੀਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:

ਵਿੱਤੀ ਸਾਲ 2024-25 ਨਾਲ ਸਬੰਧਤ ਕਿਸੇ ਵੀ ਕਾਰਨ ਕਰਕੇ ਅਦਾਇਗੀ ਨਾ ਕੀਤੇ ਟੈਕਸ ਜਾਂ ਘੱਟ ਭੁਗਤਾਨ ਕੀਤੇ ਟੈਕਸ ਜਾਂ ਗਲਤ ਤਰੀਕੇ ਨਾਲ ਰਿਫੰਡ ਕੀਤੇ ਟੈਕਸ ਜਾਂ

"74A. (1) ਜਿੱਥੇ ਅਧਿਕਾਰਤ ਅਫ਼ਸਰ ਨੂੰ ਇਹ ਜਾਪਦਾ ਹੈ ਕਿ ਕੋਈ ਟੈਕਸ ਅਦਾ ਨਹੀਂ ਕੀਤਾ ਗਿਆ ਹੈ ਜਾਂ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ, ਜਾਂ ਜਿੱਥੇ ਇਨਪੁਟ ਟੈਕਸ ਕ੍ਰੈਡਿਟ ਗਲਤ ਢੰਗ ਨਾਲ ਲਿਆ ਗਿਆ ਜਾਂ ਵਰਤਿਆ ਗਿਆ ਹੈ, ਤਾਂ ਉਹ ਟੈਕਸ ਨਾਲ ਚਾਰਜਯੋਗ ਵਿਅਕਤੀ ਨੂੰ ਨੋਟਿਸ ਭੇਜੇਗਾ ਜਿਸਦਾ ਭੁਗਤਾਨ ਨਹੀਂ ਕੀਤਾ ਗਿਆ ਜਾਂ ਜਿਸਦਾ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਜਿਸ ਨੂੰ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ, ਜਾਂ ਜਿਸ ਨੇ ਗਲਤ ਤਰੀਕੇ ਨਾਲ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਉਠਾਇਆ ਹੈ ਜਾਂ ਉਸ ਦੀ ਵਰਤੋਂ ਕੀਤੀ ਹੈ, ਉਸਨੂੰ ਕਾਰਨ ਦਰਸਾਉਣ ਦੀ ਲੋੜ ਹੈ ਕਿ ਉਸਨੂੰ ਧਾਰਾ 50 ਅਤੇ ਇਸ ਐਕਟ ਦੇ ਉਪਬੰਧਾਂ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਤਹਿਤ ਲਗਾਇਆ ਜਾਣ ਵਾਲਾ ਜੁਰਮਾਨਾ, ਨੋਟਿਸ ਵਿੱਚ ਦਰਸਾਈ ਗਈ ਭੁਗਤਾਨ ਯੋਗ ਰਕਮ ਸਮੇਤ ਵਿਆਜ ਦਾ ਭੁਗਤਾਨ ਕਿਉਂ ਨਹੀਂ ਕਰਨਾ ਚਾਹੀਦਾ:

ਗਲਤ ਤਰੀਕੇ ਨਾਲ ਪ੍ਰਾਪਤ ਕੀਤੇ ਜਾਂ ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ ਦਾ ਨਿਰਧਾਰਨ।

ਬਸ਼ਰਤੇ ਕਿ ਜੇਕਰ ਇੱਕ ਹਜ਼ਾਰ ਰੁਪਏ ਤੋਂ ਘੱਟ ਟੈਕਸ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ ਜਾਂ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ ਜਾਂ ਜਿੱਥੇ ਇੱਕ ਵਿੱਤੀ ਸਾਲ ਵਿੱਚ ਇਨਪੁਟ ਟੈਕਸ ਕ੍ਰੈਡਿਟ ਗਲਤ ਢੰਗ ਨਾਲ ਲਿਆ ਗਿਆ ਹੈ ਜਾਂ ਵਰਤਿਆ ਗਿਆ ਹੈ, ਤਾਂ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ।

(2) ਅਧਿਕਾਰਤ ਅਫਸਰ ਉਪ-ਧਾਰਾ (1) ਅਧੀਨ ਵਿੱਤੀ ਸਾਲ ਲਈ ਸਲਾਨਾ ਰਿਟਰਨ ਪੇਸ਼ ਕਰਨ ਦੀ ਨਿਯਤ ਮਿਤੀ ਤੋਂ 42 ਮਹੀਨਿਆਂ ਦੇ ਅੰਦਰ ਨੋਟਿਸਜਾਰੀ ਕਰੇਗਾ ਜਿਸ ਨਾਲ ਸਬੰਧਤਟੈਕਸ ਅਦਾ ਨਹੀਂ ਕੀਤਾ ਗਿਆ ਜਾਂ ਘੱਟ ਭੁਗਤਾਨ ਕੀਤਾ ਗਿਆ ਜਾਂ ਇਨਪੁਟ ਟੈਕਸ ਕ੍ਰੈਡਿਟ ਗਲਤ ਤਰੀਕੇ ਨਾਲ ਪ੍ਰਾਪਤ ਕੀਤਾ ਗਿਆ ਜਾਂ ਵਰਤਿਆ ਗਿਆ ਜਾਂ ਗਲਤ ਰਿਫੰਡ ਦੀ ਮਿਤੀ ਤੋਂ 42 ਮਹੀਨਿਆਂ ਦੇ ਅੰਦਰ ਨੋਟਿਸ ਜਾਰੀ ਕਰੇਗਾ ।

(3)ਜਿੱਥੇ ਉਪ-ਧਾਰਾ (1) ਦੇ ਅਧੀਨ ਕਿਸੇ ਵੀ ਮਿਆਦ ਲਈ ਨੋਟਿਸ ਜਾਰੀ ਕੀਤਾ ਗਿਆ ਹੈ,ਅਧਿਕਾਰਤ ਅਫਸਰ ਟੈਕਸ ਨਾਲ ਚਾਰਜਯੋਗ ਵਿਅਕਤੀ 'ਤੇ ਬਿਆਨ ਦੇ ਸਕਦਾ ਹੈ, ਜਿਸ ਵਿੱਚ ਉਪ-ਧਾਰਾ (1) ਦੇ ਅਧੀਨ ਕਵਰ ਨਾ ਕੀਤੀ ਗਈ ਅਜਿਹੀ ਮਿਆਦ ਲਈ ਭੁਗਤਾਨ ਨਾ ਕੀਤੇ ਗਏ ਜਾਂ ਘੱਟ ਭੁਗਤਾਨ ਕੀਤੇ ਗਏ ਜਾਂ ਗਲਤੀ ਨਾਲ ਰਿਫੰਡ ਕੀਤੇ ਗਏ ਟੈਕਸ ਜਾਂ ਗਲਤ ਤਰੀਕੇ ਨਾਲ ਲਏ ਜਾਂ ਵਰਤੇ ਗਏ ਇਨਪੁਟ ਟੈਕਸ ਕ੍ਰੈਡਿਟ ਦੇ ਵੇਰਵੇ ਸ਼ਾਮਲ ਹੋਣਗੇ।

(4) ਅਜਿਹੇ ਬਿਆਨ ਦੇ ਜਾਰੀ ਕਰਨ ਨੂੰ ਉਪ-ਧਾਰਾ (1) ਦੇ ਅਧੀਨ ਅਜਿਹੇ ਵਿਅਕਤੀ ਲਈ ਨੋਟਿਸ ਜਾਰੀ ਕਰਨਾ ਮੰਨਿਆ ਜਾਵੇਗਾ, ਬਸ਼ਰਤੇ ਕਿ ਉਪ-ਧਾਰਾ (1) ਦੇ ਅਧੀਨ ਕਵਰ ਟੈਕਸ ਅਵਧੀ ਤੋਂ ਇਲਾਵਾ ਅਜਿਹੇ ਟੈਕਸ ਅਵਧੀ ਦੇ ਆਧਾਰ 'ਤੇ ਨਿਰਭਰ ਹੈ ਜਿਵੇਂ ਕਿ ਪਹਿਲਾਂ ਨੋਟਿਸ ਵਿੱਚ ਜ਼ਿਕਰ ਕੀਤਾ ਗਿਆ ਹੈ।

(5) ਜੇਕਰ ਕੋਈ ਟੈਕਸ ਅਦਾ ਨਹੀਂ ਕੀਤਾ ਗਿਆ ਜਾਂ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ, ਜਾਂ ਜਿੱਥੇ ਇਨਪੁਟ ਟੈਕਸ ਕ੍ਰੈਡਿਟ ਗਲਤ ਤਰੀਕੇ ਨਾਲ ਲਿਆ ਗਿਆ ਹੈ ਜਾਂ ਵਰਤਿਆ ਗਿਆ ਹੈ, ਦੇ ਮਾਮਲੇ ਵਿਚ ਜੁਰਮਾਨਾ--

(i) ਧੋਖਾਧੜੀ ਦੇ ਕਾਰਨ ਜਾਂ ਟੈਕਸ ਤੋਂ ਬਚਣ ਲਈ ਜਾਣਬੁੱਝ ਕੇ ਕਿਸੇ ਗਲਤ ਬਿਆਨ ਜਾਂ ਤੱਥਾਂ ਨੂੰ ਦਬਾਉਣ ਤੋਂ ਇਲਾਵਾ ਕਿਸੇ ਵੀ ਕਾਰਨ ਲਈ,ਅਜਿਹੇ ਵਿਅਕਤੀ ਤੋਂ ਬਕਾਇਆ ਟੈਕਸਦਸ ਪ੍ਰਤੀਸ਼ਤ ਜਾਂ ਦਸ ਹਜ਼ਾਰ ਰੁਪਏ, ਜੋ ਵੀ ਵੱਧ ਹੋਵੇ, ਦੇ ਬਰਾਬਰ ਹੋਵੇਗਾ।;

(ii) ਧੋਖਾਧੜੀ ਦੇ ਕਾਰਨ ਜਾਂ ਟੈਕਸ ਤੋਂ ਬਚਣ ਲਈ ਜਾਣਬੁੱਝ ਕੇ ਕਿਸੇ ਗਲਤ ਬਿਆਨ ਜਾਂ ਤੱਥਾਂ ਨੂੰ ਦਬਾਉਣ ਲਈ ਅਜਿਹੇ ਵਿਅਕਤੀ ਤੋਂ ਬਕਾਇਆ ਟੈਕਸ ਦੇ ਬਰਾਬਰ ਹੋਵੇਗਾ।

(6) ਅਧਿਕਾਰਤ ਅਫ਼ਸਰ, ਟੈਕਸ ਨਾਲ ਚਾਰਜਯੋਗ ਵਿਅਕਤੀ ਦੁਆਰਾ ਕੀਤੀ ਪ੍ਰਤੀਨਿਧਤਾ, ਜੇਕਰ ਕੋਈ ਹੋਵੇ, ਨੂੰ ਵਿਚਾਰਨ ਤੋਂ ਬਾਅਦ, ਅਜਿਹੇ ਵਿਅਕਤੀ ਤੋਂ ਅਦਾਇਗੀਯੋਗ ਟੈਕਸ, ਵਿਆਜ ਅਤੇ ਜੁਰਮਾਨੇ ਦੀ ਰਕਮ ਨਿਰਧਾਰਤ ਕਰੇਗਾ ਅਤੇ ਆਦੇਸ਼ ਜਾਰੀ ਕਰੇਗਾ।

(7) ਅਧਿਕਾਰਤ ਅਫ਼ਸਰ ਉਪ-ਧਾਰਾ (6) ਤਹਿਤ ਉਪ-ਧਾਰਾ (2) ਵਿੱਚ ਦਰਸਾਏ ਨੋਟਿਸ ਜਾਰੀ ਕਰਨ ਦੀ ਮਿਤੀ ਤੋਂ ਬਾਰਾਂ ਮਹੀਨਿਆਂ ਦੇ ਅੰਦਰ ਆਦੇਸ਼ ਜਾਰੀ ਕਰੇਗਾ:
ਬਸ਼ਰਤੇ ਕਿ ਜਿੱਥੇ ਅਧਿਕਾਰਤ ਅਫ਼ਸਰ ਨਿਸ਼ਚਤ ਮਿਆਦ ਦੇ ਅੰਦਰ ਹੁਕਮ ਜਾਰੀ ਨਹੀਂ

ਕਰ ਪਾਉਂਦਾ, ਤਾਂ ਕਮਿਸ਼ਨਰ, ਜਾਂ ਅਧਿਕਾਰਤ ਅਫ਼ਸਰ ਤੋਂ ਸੀਨੀਅਰ ਰੈਂਕ ਦੇ ਕਮਿਸ਼ਨਰ ਦੁਆਰਾ ਅਧਿਕਾਰਤ ਅਫ਼ਸਰ, ਜੋਰਾਜ ਟੈਕਸ ਦੇ ਸੰਯੁਕਤ ਕਮਿਸ਼ਨਰ ਦੇ ਰੈਂਕ ਤੋਂ ਹੇਠਾਂ ਨਾ ਹੋਵੇ, ਉਪ-ਧਾਰਾ (6) ਦੇ ਅਧੀਨ ਆਦੇਸ਼ ਜਾਰੀ ਕਰਨ ਵਿੱਚ ਦੇਰੀ ਦੇ ਕਾਰਨਾਂ ਨੂੰ ਧਿਆਨ ਵਿਚ ਰੱਖਕੇ, ਨਿਰਧਾਰਿਤ ਮਿਆਦ ਦੀ ਸਮਾਪਤੀ ਤੋਂ ਪਹਿਲਾਂ, ਲਿਖਤੀ ਰੂਪ ਵਿੱਚ ਉਪਰੋਕਤ ਮਿਆਦ ਨੂੰ ਵੱਧ ਤੋਂ ਵੱਧ ਛੇ ਮਹੀਨਿਆਂ ਲਈ ਵਧਾ ਸਕਦਾ ਹੈ।

(8) ਟੈਕਸ ਨਾਲ ਚਾਰਜਯੋਗ ਵਿਅਕਤੀ, ਧੋਖਾਧੜੀ ਦੇ ਕਾਰਨ ਜਾਂ ਟੈਕਸ ਤੋਂ ਬਚਣ ਲਈ ਜਾਣਬੁੱਝ ਕੇ ਕਿਸੇ ਗਲਤ ਬਿਆਨ ਜਾਂ ਤੱਥਾਂ ਨੂੰ ਦਬਾਉਣ ਤੋਂ ਇਲਾਵਾ,ਜਿੱਥੇ ਕੋਈ ਟੈਕਸ ਅਦਾ ਨਹੀਂ ਕੀਤਾ ਗਿਆ ਹੈ ਜਾਂ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ, ਜਾਂ ਜਿੱਥੇ ਇਨਪੁਟ ਟੈਕਸ ਕ੍ਰੈਡਿਟ ਗਲਤ ਤਰੀਕੇ ਨਾਲ ਲਿਆ ਗਿਆ ਹੈ ਜਾਂ ਕਿਸੇ ਕਾਰਨ ਕਰਕੇ ਵਰਤਿਆ ਗਿਆ ਹੈ, ---

(i) ਉਪ-ਧਾਰਾ (1) ਦੇ ਅਧੀਨ ਨੋਟਿਸ ਜਾਰੀ ਕਰਨ ਤੋਂ ਪਹਿਲਾਂ, ਆਪਣੇ ਅਧਾਰ 'ਤੇ ਨਿਰਧਾਰਿਤ ਕੀਤੇ ਜਾਂ ਅਧਿਕਾਰਤ ਅਫ਼ਸਰ ਦੁਆਰਾ ਨਿਰਧਾਰਿਤ ਕੀਤੇ ਅਜਿਹੇ ਟੈਕਸ ਦੀ ਧਾਰਾ 50 ਦੇ ਅਧੀਨ ਭੁਗਤਾਨਯੋਗ ਵਿਆਜ ਸਮੇਤ ਟੈਕਸ ਦੀ ਰਕਮ ਦਾ ਭੁਗਤਾਨ ਕਰਨਾ। ਅਤੇ ਅਜਿਹੇ ਭੁਗਤਾਨ ਦੀ ਲਿਖਤੀ ਰੂਪ ਵਿੱਚ ਅਧਿਕਾਰਤ ਅਫ਼ਸਰ ਨੂੰ ਸੂਚਿਤ ਕਰਨਾ, ਅਤੇ ਅਧਿਕਾਰਤ ਅਫ਼ਸਰ, ਅਜਿਹੀ ਜਾਣਕਾਰੀ ਦੀ ਪ੍ਰਾਪਤੀ 'ਤੇ,ਇਸ ਐਕਟ ਦੇ ਉਪਬੰਧਾਂ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਤਹਿਤ ਅਦਾ ਕੀਤੇ ਗਏ ਟੈਕਸ ਜਾਂ ਕਿਸੇ ਵੀ ਜ਼ੁਰਮਾਨੇ ਦੇ ਸਬੰਧ ਵਿੱਚ ਉਪ-ਧਾਰਾ (1) ਜਾਂ ਉਪ-ਧਾਰਾ (3), ਜਿਵੇਂ ਦਾ ਵੀ ਮਾਮਲਾ ਹੋਵੇ, ਦੇ ਅਧੀਨ ਕੋਈ ਵੀ ਨੋਟਿਸ ਨਹੀਂ ਦੇਵੇਗਾ।

(ii) ਕਾਰਨ ਦੱਸੋ ਨੋਟਿਸ ਜਾਰੀ ਹੋਣ ਦੇ ਸੱਠ ਦਿਨਾਂ ਦੇ ਅੰਦਰ ਧਾਰਾ 50 ਦੇ ਅਧੀਨ ਦਿੱਤੇ ਜਾਣ ਵਾਲੇ ਵਿਆਜ ਸਮੇਤ ਉਕਤ ਟੈਕਸ ਦਾ ਭੁਗਤਾਨ ਕਰਨਾ, ਅਤੇ ਅਜਿਹਾ ਕਰਨ 'ਤੇ ਕੋਈ ਜੁਰਮਾਨਾ ਅਦਾ ਕਰਨ ਯੋਗ ਨਹੀਂ ਹੋਵੇਗਾ ਅਤੇ ਉਕਤ ਨੋਟਿਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਨੂੰ ਸਮਾਪਤ ਮੰਨਿਆ ਜਾਵੇਗਾ।

(9) ਟੈਕਸ ਨਾਲ ਚਾਰਜਯੋਗ ਵਿਅਕਤੀ, ਜਿੱਥੇ ਕੋਈ ਟੈਕਸ ਅਦਾ ਨਹੀਂ ਕੀਤਾ ਗਿਆ ਹੈ ਜਾਂ ਘੱਟ ਭੁਗਤਾਨ ਕੀਤਾ ਗਿਆ ਹੈ ਜਾਂ ਗਲਤੀ ਨਾਲ ਰਿਫੰਡ ਕੀਤਾ ਗਿਆ ਹੈ ਜਾਂ ਜਿੱਥੇ ਧੋਖਾਧੜੀ ਜਾਂ ਟੈਕਸ ਤੋਂ ਬਚਣ ਲਈ ਜਾਣਬੁੱਝ ਕੇ ਕੋਈ ਗਲਤ ਬਿਆਨ ਜਾਂ ਤੱਥਾਂ ਨੂੰ ਦਬਾਉਣ ਦੇ ਕਾਰਨ ਇਨਪੁਟ ਟੈਕਸ ਕ੍ਰੈਡਿਟ ਦਾ ਗਲਤ ਲਾਭ ਲਿਆ ਗਿਆ ਹੈ ਜਾਂ ਇਸਦੀ ਵਰਤੋਂ ਕੀਤੀ ਗਈ ਹੈ, ਤਾਂ --

(i) ਉਪ-ਧਾਰਾ (1) ਦੇ ਅਧੀਨ ਨੋਟਿਸ ਜਾਰੀ ਕਰਨ ਤੋਂ ਪਹਿਲਾਂ, ਧਾਰਾ 50 ਦੇ ਅਧੀਨ ਭੁਗਤਾਨ ਯੋਗ ਵਿਆਜ ਦੇ ਨਾਲ ਟੈਕਸ ਦੀ ਰਕਮ ਅਤੇ ਅਜਿਹੇ ਟੈਕਸ ਦੇ ਆਪਣੇ ਨਿਰਧਾਰਨ ਜਾਂ ਅਧਿਕਾਰਤ ਅਫ਼ਸਰ ਦੁਆਰਾ ਨਿਰਧਾਰਿਤ ਕੀਤੇ ਗਏ ਅਜਿਹੇ ਟੈਕਸ ਦੇ ਆਧਾਰ 'ਤੇ ਪੰਦਰਾਂ ਪ੍ਰਤੀਸ਼ਤ ਦੇ ਬਰਾਬਰ ਜ਼ੁਰਮਾਨੇ ਦਾ ਭੁਗਤਾਨ ਕਰਨ ਤੇ ਅਤੇ ਅਜਿਹੇ ਭੁਗਤਾਨ ਦੀ ਲਿਖਤੀ ਰੂਪ ਵਿੱਚ ਅਧਿਕਾਰਤ ਅਫ਼ਸਰ ਨੂੰ ਸੂਚਿਤ ਕਰਨ ਤੇ, ਅਤੇ ਅਧਿਕਾਰਤ ਅਫ਼ਸਰ, ਅਜਿਹੀ ਜਾਣਕਾਰੀ ਪ੍ਰਾਪਤ ਹੋਣ 'ਤੇ, ਇਸ ਐਕਟ ਦੇ ਉਪਬੰਧਾਂ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਅਦਾ ਕੀਤੇ ਗਏ ਟੈਕਸ ਜਾਂ ਕਿਸੇ ਵੀ

ਜ਼ੁਰਮਾਨੇ ਦੇ ਸਬੰਧ ਵਿੱਚ ਉਪ-ਧਾਰਾ (1) ਅਧੀਨ ਕੋਈ ਨੋਟਿਸ ਨਹੀਂ ਦੇਵੇਗਾ;

(ii) ਨੋਟਿਸ ਜਾਰੀ ਹੋਣ ਦੇ ਸੱਠ ਦਿਨਾਂ ਦੇ ਅੰਦਰ ਧਾਰਾ 50 ਦੇ ਅਧੀਨ ਭੁਗਤਾਨ ਯੋਗ ਵਿਆਜ ਅਤੇ ਅਜਿਹੇ ਟੈਕਸ ਦੇ 25 ਪ੍ਰਤੀਸ਼ਤ ਦੇ ਬਰਾਬਰ ਜੁਰਮਾਨੇ ਸਮੇਤ ਉਕਤ ਟੈਕਸ ਦਾ ਭੁਗਤਾਨ ਕਰਨਾ, ਅਤੇ ਅਜਿਹਾ ਕਰਨ 'ਤੇ, ਉਕਤ ਨੋਟਿਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਨੂੰ ਸਮਾਪਤ ਸਮਝਿਆ ਜਾਵੇਗਾ;

(iii) ਧਾਰਾ 50 ਦੇ ਤਹਿਤ ਭੁਗਤਾਨ ਯੋਗ ਵਿਆਜ ਸਮੇਤ ਟੈਕਸ ਅਤੇ ਅਜਿਹੇ ਟੈਕਸ ਦੇ ਪੰਜਾਹ ਪ੍ਰਤੀਸ਼ਤ ਦੇ ਬਰਾਬਰ ਜੁਰਮਾਨੇ ਦਾ ਭੁਗਤਾਨ ਆਦੇਸ਼ ਦੇ ਸੰਚਾਰ ਦੇ ਸੱਠ ਦਿਨਾਂ ਦੇ ਅੰਦਰ, ਅਤੇ ਅਜਿਹਾ ਕਰਨ 'ਤੇ, ਉਕਤ ਨੋਟਿਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਨੂੰ ਸਮਾਪਤ ਮੰਨਿਆ ਜਾਵੇਗਾ।

(10) ਜਿੱਥੇ ਉਚਿਤ ਅਧਿਕਾਰਤ ਅਫ਼ਸਰ ਦੀ ਰਾਏ ਹੈ ਕਿ ਉਪ-ਧਾਰਾ (8) ਦੀ ਧਾਰਾ (i) ਜਾਂ ਉਪ-ਧਾਰਾ (9) ਦੀ ਧਾਰਾ (i) ਅਧੀਨ ਅਦਾ ਕੀਤੀ ਰਕਮ ਅਸਲ ਵਿੱਚ ਭੁਗਤਾਨ ਯੋਗ ਰਕਮ ਤੋਂ ਘੱਟ ਹੈ, ਤਾਂ ਉਹ ਅਜਿਹੀ ਰਕਮ, ਜੋ ਅਸਲ ਵਿੱਚ ਭੁਗਤਾਨਯੋਗ ਰਕਮ ਤੋਂ ਘੱਟ ਹੈ, ਦੇ ਸਬੰਧ ਵਿੱਚ ਉਪ-ਧਾਰਾ (1) ਵਿੱਚ ਦਿੱਤੇ ਅਨੁਸਾਰ ਨੋਟਿਸ ਜਾਰੀ ਕਰਨ ਲਈ ਅੱਗੇ ਵਧੇਗਾ।

(11) ਉਪ-ਧਾਰਾ (8) ਦੇ ਕਲਾਜ (i) ਜਾਂ ਕਲਾਜ (ii) ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਬਾਵਜੂਦ, ਉਪ-ਧਾਰਾ (5) ਦੀ ਧਾਰਾ (i) ਅਧੀਨ ਜੁਰਮਾਨਾ ਭੁਗਤਾਨਯੋਗ ਹੋਵੇਗਾ, ਜਿੱਥੇ ਸਵੈ-ਮੁਲਾਂਕਣ ਕੀਤੇ ਟੈਕਸ ਦੀ ਕੋਈ ਵੀ ਰਕਮ ਜਾਂ ਟੈਕਸ ਵਜੋਂ ਇਕੱਠੀ ਕੀਤੀ ਗਈ ਕੋਈ ਵੀ ਰਕਮ ਅਜਿਹੇ ਟੈਕਸ ਦੇ ਭੁਗਤਾਨ ਦੀ ਨਿਯਤ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਅਦਾ ਨਹੀਂ ਕੀਤੀ ਗਈ ਹੈ।

(12) ਇਸ ਧਾਰਾ ਦੇ ਉਪਬੰਧ ਵਿੱਤੀ ਸਾਲ 2024-25 ਤੋਂ ਬਾਅਦ ਦੇ ਟੈਕਸ ਦੇ ਨਿਰਧਾਰਨ ਲਈ ਲਾਗੂ ਹੋਣਗੇ।

ਵਿਆਖਿਆ 1—ਇਸ ਧਾਰਾ ਦੇ ਉਦੇਸ਼ਾਂ ਲਈ,—

(i) ਸਮੀਕਰਨ "ਉਕਤ ਨੋਟਿਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ" ਦੀ ਵਿੱਚ ਧਾਰਾ 132 ਦੇ ਅਧੀਨ ਕਾਰਵਾਈ ਸ਼ਾਮਲ ਨਹੀਂ ਹੋਵੇਗੀ;

(ii) ਜਿੱਥੇ ਟੈਕਸ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਮੁੱਖ ਵਿਅਕਤੀ ਅਤੇ ਕੁਝ ਹੋਰ ਵਿਅਕਤੀਆਂ ਨੂੰ ਉਸੇ ਕਾਰਵਾਈ ਅਧੀਨ ਨੋਟਿਸ ਜਾਰੀ ਕੀਤਾ ਜਾਂਦਾ ਹੈ, ਅਤੇ ਇਸ ਧਾਰਾ ਦੇ ਤਹਿਤ ਮੁੱਖ ਵਿਅਕਤੀ ਦੇ ਵਿਰੁੱਧ ਅਜਿਹੀ ਕਾਰਵਾਈ ਸਮਾਪਤ ਕੀਤੀ ਗਈ ਹੈ, ਧਾਰਾ 122 ਅਤੇ 125 ਦੇ ਤਹਿਤ ਜੁਰਮਾਨਾ ਅਦਾ ਕਰਨ ਲਈ ਜ਼ਿੰਮੇਵਾਰ ਸਾਰੇ ਵਿਅਕਤੀਆਂ ਵਿਰੁੱਧ ਕਾਰਵਾਈ ਨੂੰ ਸਮਾਪਤ ਸਮਝਿਆ ਜਾਂਦਾ ਹੈ।

ਵਿਆਖਿਆ 2—ਇਸ ਐਕਟ ਦੇ ਉਦੇਸ਼ਾਂ ਲਈ, "ਦਮਨ" ਸ਼ਬਦ ਦਾ ਅਰਥ ਹੈ ਤੱਥਾਂ ਜਾਂ ਜਾਣਕਾਰੀ ਦੀ ਗੈਰ-ਘੋਸ਼ਣਾ ਕਰਨਾ ਜੋ ਟੈਕਸਯੋਗ ਵਿਅਕਤੀ ਨੂੰ ਇਸ ਐਕਟ ਜਾਂ ਇਸਦੇ ਤਹਿਤ ਬਣਾਏ ਗਏ ਨਿਯਮ ਅਧੀਨ ਪੇਸ਼ ਕੀਤੀ ਗਈ ਰਿਟਰਨ, ਸਟੇਟਮੈਂਟ, ਰਿਪੋਰਟ ਜਾਂ ਕਿਸੇ ਹੋਰ ਦਸਤਾਵੇਜ਼ ਵਿੱਚ ਘੋਸ਼ਿਤ ਕਰਨ ਦੀ ਲੋੜ ਹੁੰਦੀ ਹੈ, ਜਾਂ ਅਧਿਕਾਰਤ ਅਫ਼ਸਰ

ਦੁਆਰਾ ਲਿਖਤੀ ਤੌਰ 'ਤੇ ਮੰਗੀ ਗਈ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਵਿੱਚ ਅਸਫਲਤਾ।

2017 ਦੇ ਪੰਜਾਬ ਐਕਟ 5 ਦੀ ਧਾਰਾ 75 ਵਿੱਚ ਸੋਧ

29. ਪ੍ਰਿੰਸੀਪਲ ਐਕਟ ਦੀ ਧਾਰਾ 75 ਵਿੱਚ, -

(a) ਉਪ-ਧਾਰਾ (1) ਵਿੱਚ, ਸ਼ਬਦ ਅਤੇ ਅੰਕੜੇ "ਧਾਰਾ 74" ਦੇ ਬਾਅਦ, "ਜਾਂ ਧਾਰਾ 74ਏ ਦੀ ਉਪ-ਧਾਰਾ (2) ਅਤੇ (7)" ਸ਼ਬਦ, ਬਰੈਕਟ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ;

(b) ਉਪ-ਧਾਰਾ (2) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਪਾਈ ਜਾਵੇਗੀ, ਅਰਥਾਤ: –

"(2ਏ) ਜਿੱਥੇ ਕੋਈ ਵੀ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ ਇਹ ਸਿੱਟਾ ਕੱਢਦੀ ਹੈ ਕਿ ਧਾਰਾ 74ਏ ਦੀ ਉਪ-ਧਾਰਾ (5) ਦੇ ਕਲਾਜ (ii) ਅਧੀਨ ਜੁਰਮਾਨਾ ਇਸ ਕਾਰਨ ਟਿਕਾਊ ਨਹੀਂ ਹੈ ਕਿ ਟੈਕਸ ਤੋਂ ਬਚਣ ਲਈ ਧੋਖਾਧੜੀ ਜਾਂ ਜਾਣਬੁੱਝ ਕੇ ਕਿਸੇ ਗਲਤ ਬਿਆਨ ਜਾਂ ਤੱਥਾਂ ਨੂੰ ਦਬਾਉਣ ਦੇ ਦੋਸ਼, ਜਿਸ ਵਿਅਕਤੀ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ, ਉਸ ਦੇ ਖਿਲਾਫ ਸਥਾਪਿਤ ਨਹੀਂ ਕੀਤਾ ਗਿਆ ਹੈ, ਅਜਿਹੇ ਵਿਅਕਤੀ ਦੁਆਰਾ ਧਾਰਾ 74ਏ ਦੀ ਉਪ-ਧਾਰਾ (5) ਦੀ ਧਾਰਾ (i) ਅਧੀਨ ਜੁਰਮਾਨਾ ਅਦਾ ਕਰਨਾ ਹੋਵੇਗਾ।"

(c) ਉਪ-ਧਾਰਾ (10) ਲਈ, ਹੇਠਾਂ ਦਿੱਤੀ ਉਪ-ਧਾਰਾ ਬਦਲੀ ਜਾਵੇਗੀ, ਅਰਥਾਤ:--

"(10) ਜੇਕਰ ਧਾਰਾ 73 ਦੀ ਉਪ-ਧਾਰਾ (10) ਜਾਂ ਧਾਰਾ 74 ਦੀ ਉਪ-ਧਾਰਾ (10) ਜਾਂ ਧਾਰਾ 74ਏ ਦੀ ਉਪ-ਧਾਰਾ (7) ਵਿਚ ਨਿਰਧਾਰਿਤ ਸਮੇਂ ਦੇ ਅੰਦਰ ਆਦੇਸ਼ ਜਾਰੀ ਨਹੀਂ ਕੀਤਾ ਜਾਂਦਾ ਹੈ, ਤਾਂ ਨਿਰਣਾਇਕ ਕਾਰਵਾਈ ਨੂੰ ਸਮਾਪਤ ਮੰਨਿਆ ਜਾਵੇਗਾ।";

(d) ਉਪ-ਧਾਰਾ (11) ਵਿੱਚ, "ਧਾਰਾ 74" ਸ਼ਬਦ ਅਤੇ ਅੰਕੜੇ ਦੇ ਬਾਅਦ, "ਜਾਂ ਧਾਰਾ 74ਏ ਦੀ ਉਪ ਧਾਰਾ (7)" ਸ਼ਬਦ, ਬਰੈਕਟ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ;

(e) ਉਪ-ਧਾਰਾ (12) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74 ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ;

(f) ਉਪ-ਧਾਰਾ (13) ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਧਾਰਾ 74 ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।"

2017 ਦੇ ਪੰਜਾਬ ਐਕਟ 5 ਦੀ ਧਾਰਾ 104 ਵਿੱਚ ਸੋਧ

30. ਪ੍ਰਿੰਸੀਪਲ ਐਕਟ ਦੀ ਧਾਰਾ 104 ਦੀ ਉਪ-ਧਾਰਾ (1) ਵਿੱਚ, ਵਿਆਖਿਆ ਵਿੱਚ, "ਧਾਰਾ 74" ਸ਼ਬਦ ਅਤੇ ਅੰਕੜਿਆਂ ਦੇ ਬਾਅਦ, ਅੱਖਰ "ਜਾਂ ਧਾਰਾ 74ਏ ਦੀ ਉਪ-ਧਾਰਾ (2) ਅਤੇ (7)" ਸ਼ਬਦ, ਬਰੈਕਟ, ਅੰਕੜੇ ਅਤੇ ਅੱਖਰ ਪਾਏ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 107 ਵਿੱਚ ਸੋਧ

31. ਪ੍ਰਿੰਸੀਪਲ ਐਕਟ ਦੀ ਧਾਰਾ 107 ਵਿੱਚ, -

(a) ਉਪ-ਧਾਰਾ (6) ਦੀ ਧਾਰਾ (ਬੀ) ਵਿੱਚ, "ਪੱਚੀ" ਸ਼ਬਦ ਲਈ, "ਵੀਹ" ਸ਼ਬਦ ਵਰਤਿਆ ਜਾਵੇਗਾ;

(b) ਉਪ-ਧਾਰਾ (11) ਵਿੱਚ, ਦੂਜੇ ਉਪਬੰਧ ਵਿੱਚ, "ਧਾਰਾ 73 ਜਾਂ ਧਾਰਾ 74" ਸ਼ਬਦਾਂ ਅਤੇ ਅੰਕੜਿਆਂ ਤੋਂ ਬਾਅਦ, "ਜਾਂ ਸੈਕਸ਼ਨ 74 ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ

ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 109 ਵਿੱਚ ਸੋਧ

32. ਪ੍ਰਿੰਸੀਪਲ ਐਕਟ ਦੀਧਾਰਾ 109 ਵਿੱਚ, -

(a) ਉਪ-ਧਾਰਾ(1) ਵਿੱਚ, "ਰਿਵੀਜ਼ਨਲ ਅਥਾਰਟੀ" ਸ਼ਬਦਾਂ ਤੋਂ ਬਾਅਦ, "ਜਾਂ ਧਾਰਾ 171 ਦੀ ਉਪ-ਧਾਰਾ (2) ਵਿੱਚ ਦਰਸਾਏ ਗਏ ਮਾਮਲਿਆਂ ਦੀ ਜਾਂਚ ਕਰਨ ਜਾਂ ਨਿਰਣਾ ਕਰਨ ਲਈ, ਜੇਕਰ ਉਕਤ ਧਾਰਾ ਅਧੀਨ ਅਧਿਸੂਚਿਤ ਕੀਤਾ ਗਿਆ ਹੋਵੇ" ਸ਼ਬਦ ਪਾਏ ਜਾਣਗੇ;

2017 ਦੇ ਪੰਜਾਬ ਐਕਟ 5 ਦੀ ਧਾਰਾ 112 ਵਿੱਚ ਸੋਧ

33. ਪ੍ਰਿੰਸੀਪਲ ਐਕਟ ਦੀ ਧਾਰਾ 112 ਵਿਚ

(a) ਮਿਤੀ 1 ਅਗਸਤ, 2024 ਤੋਂ ਪ੍ਰਭਾਵੀ, ਉਪ-ਧਾਰਾ (1) ਵਿੱਚ "ਉਸ ਮਿਤੀ ਤੋਂ ਜਿਸ ਦੇ ਵਿਰੁੱਧ ਅਪੀਲ ਕਰਨ ਦੀ ਮੰਗ ਕੀਤੀ ਗਈ ਹੈ, ਅਪੀਲ ਨੂੰ ਤਰਜੀਹ ਦੇਣ ਵਾਲੇ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ", ਸ਼ਬਦਾਂ ਤੋਂ ਬਾਅਦ "; ਜਾਂ ਇਸ ਐਕਟ ਦੇ ਅਧੀਨ ਅਪੀਲੀ ਟ੍ਰਿਬਿਊਨਲ ਅੱਗੇ ਅਪੀਲ ਦਾਇਰ ਕਰਨ ਲਈ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ ਸਰਕਾਰ ਦੁਆਰਾ ਸੂਚਿਤ ਕੀਤੀ ਜਾਣ ਵਾਲੀ ਮਿਤੀ, ਜੋ ਵੀ ਬਾਅਦ ਵਿੱਚ ਹੋਵੇ।" ਸ਼ਬਦ ਸ਼ਾਮਲ ਕੀਤੇ ਜਾਣਗੇ;

(b) ਮਿਤੀ 1 ਅਗਸਤ, 2024 ਤੋਂ ਪ੍ਰਭਾਵੀ,ਉਪ-ਧਾਰਾ (3) ਵਿੱਚ,"ਉਸ ਮਿਤੀ ਤੋਂ ਜਿਸ ਦਿਨ ਉਕਤ ਹੁਕਮ ਪਾਸ ਕੀਤਾ ਗਿਆ ਹੈ" ਸ਼ਬਦਾਂ ਤੋਂ ਬਾਅਦ "; ਜਾਂ ਮਿਤੀ, ਜਿਵੇਂ ਕਿ ਸਰਕਾਰ ਦੁਆਰਾ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ ਸੂਚਿਤ ਕੀਤੀ ਜਾ ਸਕਦੀ ਹੈ, ਇਸ ਐਕਟ ਦੇ ਅਧੀਨ ਅਪੀਲੀ ਟ੍ਰਿਬਿਊਨਲ ਅੱਗੇ ਅਰਜ਼ੀ ਦਾਇਰ ਕਰਨ ਦੇ ਉਦੇਸ਼ ਲਈ, ਜੋ ਵੀ ਬਾਅਦ ਵਿੱਚ ਹੋਵੇ," ਸ਼ਬਦਾਂ ਨੂੰ ਸ਼ਾਮਲ ਕੀਤਾ ਜਾਵੇਗਾ;

(c) ਉਪ-ਧਾਰਾ (6) ਵਿੱਚ, "ਉਪ-ਧਾਰਾ (1) ਵਿੱਚ ਦਰਸਾਏ ਗਏ ਸਮੇਂ ਦੀ ਸਮਾਪਤੀ ਤੋਂ ਬਾਅਦ", ਸ਼ਬਦਾਂ, ਬਰੈਕਟਾਂ ਅਤੇ ਅੰਕੜਿਆਂ ਤੋਂ ਬਾਅਦ "ਜਾਂ ਉਪ-ਧਾਰਾ (3) ਵਿੱਚ ਦਰਸਾਏ ਗਏ ਸਮੇਂ ਦੀ ਸਮਾਪਤੀ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਦਿੰਦੇ ਹਨ।" ਸ਼ਬਦ, ਬਰੈਕਟ ਅਤੇ ਅੰਕੜੇ ਸ਼ਾਮਲ ਕੀਤੇ ਜਾਣਗੇ;

(d) ਉਪ-ਧਾਰਾ (8), ਦੇ ਕਲਾਜ (ਬੀ) ਵਿੱਚ, --

(i) "ਵੀਹ ਪ੍ਰਤੀਸ਼ਤ" ਸ਼ਬਦਾਂ ਲਈ, "ਦਸ ਪ੍ਰਤੀਸ਼ਤ" ਸ਼ਬਦ ਵਰਤਿਆ ਜਾਵੇਗਾ;

(ii) "ਪੰਜਾਹ ਕਰੋੜ ਰੁਪਏ" ਸ਼ਬਦਾਂ ਦੀ ਥਾਂ "ਵੀਹ ਕਰੋੜ ਰੁਪਏ" ਸ਼ਬਦ ਵਰਤਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 122 ਵਿੱਚ ਸੋਧ

34. ਪ੍ਰਿੰਸੀਪਲ ਐਕਟ ਦੀਧਾਰਾ 122 ਵਿੱਚ, 1 ਅਕਤੂਬਰ, 2023 ਤੋਂ, ਉਪ-ਧਾਰਾ (1ਬੀ) ਵਿੱਚ, "ਕੋਈ ਵੀ ਇਲੈਕਟ੍ਰਾਨਿਕ ਕਾਮਰਸ ਆਪਰੇਟਰ ਜੋ", ਸ਼ਬਦਾਂ ਅਤੇ ਅੰਕੜਿਆਂ ਨੂੰ "ਕੋਈ ਵੀ ਇਲੈਕਟ੍ਰਾਨਿਕ ਕਾਮਰਸ ਆਪਰੇਟਰ, ਜੋ ਧਾਰਾ 52 ਦੇ ਤਹਿਤ ਸਰੋਤ 'ਤੇ ਟੈਕਸ ਇਕੱਠਾ ਕਰਨ ਲਈ ਜਿੰਮੇਵਾਰ ਹੈ,'' ਨਾਲ ਬਦਲਿਆ ਜਾਵੇਗਾ।

2017 ਦੇ

35. ਪ੍ਰਿੰਸੀਪਲ ਐਕਟ ਦੀ ਧਾਰਾ 122 ਤੋਂ ਬਾਅਦ, ਹੇਠ ਲਿਖੀ ਧਾਰਾ ਪਾਈ ਜਾਵੇਗੀ,

ਪੰਜਾਬ ਐਕਟ 5 ਵਿੱਚ ਨਵੀਂ ਧਾਰਾ 122ਏ ਸ਼ਾਮਲ ਕਰਨਾ

ਅਰਥਾਤ:-

ਵਿਸ਼ੇਸ਼ ਪ੍ਰਕਿਰਿਆ ਦੇ ਅਨੁਸਾਰ ਮਾਲ ਦੇ ਨਿਰਮਾਣ ਵਿੱਚ ਵਰਤੀਆਂ ਜਾਂਦੀਆਂ ਕੁਝ ਮਸ਼ੀਨਾਂ ਨੂੰ ਰਜਿਸਟਰ ਕਰਨ ਵਿੱਚ ਅਸਫਲ ਰਹਿਣ ਲਈ ਜੁਰਮਾਨਾ।

"122A.(1)ਇਸ ਐਕਟ ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਬਾਵਜੂਦ, ਜਿੱਥੇ ਕੋਈ ਵੀ ਵਿਅਕਤੀ, ਜੋ ਮਾਲ ਦੇ ਨਿਰਮਾਣ ਵਿੱਚ ਰੁੱਝਿਆ ਹੋਇਆ ਹੈ, ਜਿਸ ਦੇ ਸਬੰਧ ਵਿੱਚ ਮਸ਼ੀਨਾਂ ਦੀ ਰਜਿਸਟ੍ਰੇਸ਼ਨ ਸੰਬੰਧੀ ਕੋਈ ਵਿਸ਼ੇਸ਼ ਪ੍ਰਕਿਰਿਆ ਧਾਰਾ 148 ਅਧੀਨ ਅਧਿਸੂਚਿਤ ਕੀਤੀ ਗਈ ਹੈ, ਉਕਤ ਵਿਸ਼ੇਸ਼ ਪ੍ਰਕਿਰਿਆ ਦੇ ਉਲਟ ਕੰਮ ਕਰਦਾ ਹੈ, ਉਹ, ਅਧਿਆਇ XV ਜਾਂ ਇਸ ਅਧਿਆਇ ਦੇ ਕਿਸੇ ਹੋਰ ਉਪਬੰਧ ਦੇ ਅਧੀਨ ਉਸ ਦੁਆਰਾ ਅਦਾ ਕੀਤੇ ਜਾਂ ਅਦਾ ਕੀਤੇ ਜਾਣ ਵਾਲੇ ਕਿਸੇ ਵੀ ਜੁਰਮਾਨੇ ਤੋਂ ਇਲਾਵਾ, ਹਰੇਕ ਉਸ ਮਸ਼ੀਨ ਲਈ ਇੱਕ ਲੱਖ ਰੁਪਏ ਦੀ ਰਕਮ ਦੇ ਬਰਾਬਰ ਜੁਰਮਾਨੇ ਦਾ ਭੁਗਤਾਨ ਕਰਨ ਲਈ ਜਿੰਮੇਵਾਰ ਹੋਵੇਗਾ ਜੋ ਇਸ ਤਰ੍ਹਾਂ ਰਜਿਸਟਰਡ ਨਹੀਂ ਹੈ।

(2) ਉਪ-ਧਾਰਾ (1) ਦੇ ਅਧੀਨ ਜੁਰਮਾਨੇ ਤੋਂ ਇਲਾਵਾ, ਹਰ ਉਹ ਮਸ਼ੀਨ ਜੋ ਇਸ ਤਰ੍ਹਾਂ ਰਜਿਸਟਰਡ ਨਹੀਂ ਹੈ, ਕੁਰਕੀ ਅਤੇ ਜ਼ਬਤ ਲਈ ਜੁੰਮੇਵਾਰ ਹੋਵੇਗੀ:

ਬਸ਼ਰਤੇ ਕਿ ਅਜਿਹੀ ਮਸ਼ੀਨ ਜ਼ਬਤ ਨਹੀਂ ਕੀਤੀ ਜਾਵੇਗੀ ਜੇਕਰ–

(a) ਲਗਾਇਆ ਗਿਆ ਜੁਰਮਾਨਾ ਅਦਾ ਕੀਤਾ ਜਾਂਦਾ ਹੈ, ਅਤੇ

(b) ਜੁਰਮਾਨੇ ਦੇ ਆਦੇਸ਼ ਦੇ ਸੰਚਾਰ ਦੀ ਪ੍ਰਾਪਤੀ ਦੇ ਤਿੰਨ ਦਿਨਾਂ ਦੇ ਅੰਦਰ ਅਜਿਹੀ ਮਸ਼ੀਨ ਦੀ ਰਜਿਸਟ੍ਰੇਸ਼ਨ ਵਿਸ਼ੇਸ਼ ਪ੍ਰਕਿਰਿਆ ਦੇ ਅਨੁਸਾਰ ਕੀਤੀ ਜਾਂਦੀ ਹੈ।"

2017 ਦੇ ਪੰਜਾਬ ਐਕਟ 5 ਦੀ ਧਾਰਾ 127 ਵਿੱਚ ਸੋਧ

36. ਪ੍ਰਿੰਸੀਪਲ ਐਕਟ ਦੀ ਧਾਰਾ 127 ਵਿੱਚ, ਸ਼ਬਦਾਂ ਅਤੇ ਅੰਕੜਿਆਂ "ਧਾਰਾ 73 ਜਾਂ ਧਾਰਾ 74" ਤੋਂ ਬਾਅਦ, "ਜਾਂ ਧਾਰਾ74ਏ" ਸ਼ਬਦ, ਅੰਕੜੇ ਅਤੇ ਅੱਖਰ ਸ਼ਾਮਲ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 128ਏ ਸ਼ਾਮਲ ਕਰਨਾ

37. ਪ੍ਰਿੰਸੀਪਲ ਐਕਟ ਦੀ ਧਾਰਾ 128 ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

ਕੁਝ ਖਾਸ ਟੈਕਸ ਅਵਧੀ ਲਈ ਧਾਰਾ 73 ਦੇ ਅਧੀਨ ਉਠਾਈਆਂ

"128A. (1) ਇਸ ਐਕਟ ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਉਲਟ ਹੋਣ ਦੇ ਬਾਵਜੂਦ, ਜਿਥੇ ਟੈਕਸ ਦੇ ਦੇਣਦਾਰ ਵਿਅਕਤੀ ਦੁਆਰਾ ਟੈਕਸ ਦੀ ਕੋਈ ਵੀ ਰਕਮ ਨਿਮਨ ਅਨੁਸਾਰ ਭੁਗਤਾਨਯੋਗ ਹੈ,-

ਗਈਆਂ ਮੰਗਾਂ ਨਾਲ ਸਬੰਧਤ ਵਿਆਜ ਜਾਂ ਜੁਰਮਾਨੇ ਦੀ ਛੋਟ ਜਾਂ ਦੋਵੇਂ

(a) ਧਾਰਾ 73 ਦੀ ਉਪ-ਧਾਰਾ (1) ਤਹਿਤ ਜਾਰੀ ਕੀਤਾ ਗਿਆ ਨੋਟਿਸ ਜਾਂ ਧਾਰਾ 73 ਦੀ ਉਪ-ਧਾਰਾ (3) ਤਹਿਤ ਜਾਰੀ ਕੀਤਾ ਗਿਆ ਬਿਆਨ, ਅਤੇ ਜਿੱਥੇ ਧਾਰਾ 73 ਦੀ ਉਪ-ਧਾਰਾ (9) ਤਹਿਤ ਕੋਈ ਹੁਕਮ ਜਾਰੀ ਨਹੀਂ ਕੀਤਾ ਗਿਆ ਹੈ; ਜਾਂ

(b) ਧਾਰਾ 73 ਦੀ ਉਪ-ਧਾਰਾ (9) ਤਹਿਤ ਪਾਸ ਕੀਤਾ ਗਿਆ ਇੱਕ ਹੁਕਮ, ਅਤੇ ਜਿੱਥੇ ਧਾਰਾ 107 ਦੀ ਉਪ-ਧਾਰਾ (11) ਜਾਂ ਧਾਰਾ 108 ਦੀ ਉਪ-ਧਾਰਾ (1) ਤਹਿਤ ਕੋਈ ਹੁਕਮ ਪਾਸ ਨਹੀਂ ਕੀਤਾ ਗਿਆ ਹੈ; ਜਾਂ

(c) ਧਾਰਾ 107 ਦੀ ਉਪ-ਧਾਰਾ (11) ਜਾਂ ਧਾਰਾ 108 ਦੀ ਉਪ-ਧਾਰਾ (1) ਤਹਿਤ ਪਾਸ ਕੀਤਾ ਗਿਆ ਹੁਕਮ, ਅਤੇ ਜਿੱਥੇ ਧਾਰਾ 113 ਦੀ ਉਪ-ਧਾਰਾ (1) ਤਹਿਤ ਕੋਈ ਹੁਕਮ ਪਾਸ ਨਹੀਂ ਕੀਤਾ ਗਿਆ ਹੈ, 1 ਜੁਲਾਈ, 2017 ਤੋਂ31 ਮਾਰਚ, 2020 ਤੱਕ ਦੀ ਮਿਆਦ ਨਾਲ ਸਬੰਧਤ, ਜਾਂ ਇਸਦੇ ਇੱਕ ਹਿੱਸੇ ਤੱਕ, ਅਤੇ ਉਕਤ ਵਿਅਕਤੀ ਕਲਾਜ (ਏ), ਕਲਾਜ (ਬੀ) ਜਾਂ ਕਲਾਜ (ਸੀ) ਵਿੱਚ ਦਰਸਾਏ ਗਏ ਨੋਟਿਸ ਜਾਂ ਬਿਆਨ ਜਾਂ ਹੁਕਮ ਅਨੁਸਾਰ ਭੁਗਤਾਨਯੋਗ ਟੈਕਸ ਦੀ ਪੂਰੀ ਰਕਮ ਦਾ ਭੁਗਤਾਨ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ ਸਰਕਾਰ ਦੁਆਰਾ ਅਧਿਸੂਚਿਤ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ, ਜਿਵੇਂ ਦਾ ਵੀ ਮਾਮਲਾ ਹੋਵੇ, ਕਰਦਾ ਹੈ, ਧਾਰਾ 50 ਦੇ ਅਧੀਨ ਕੋਈ ਵਿਆਜ ਅਤੇ ਇਸ ਐਕਟ ਦੇ ਅਧੀਨ ਜੁਰਮਾਨਾ, ਭੁਗਤਾਨਯੋਗ ਨਹੀਂ ਹੋਵੇਗਾ ਅਤੇ ਉਕਤ ਨੋਟਿਸ ਜਾਂ ਬਿਆਨ ਜਾਂ ਹੁਕਮ, ਜਿਵੇਂ ਦਾ ਵੀ ਮਾਮਲਾ ਹੋਵੇ, ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਨੂੰ ਅਜਿਹੀਆਂ ਸ਼ਰਤਾਂ ਦੇ ਅਧੀਨ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ, ਸਮਾਪਤ ਸਮਝਿਆ ਜਾਵੇਗਾ:

ਬਸ਼ਰਤੇ ਕਿ ਜਿੱਥੇ ਧਾਰਾ 74 ਦੀ ਉਪ-ਧਾਰਾ (1) ਅਧੀਨ ਨੋਟਿਸ ਜਾਰੀ ਕੀਤਾ ਗਿਆ ਹੋਵੇ, ਅਤੇਧਾਰਾ 75 ਦੀ ਉਪ-ਧਾਰਾ (2) ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਉਚਿਤ ਅਧਿਕਾਰੀ ਦੁਆਰਾ ਆਦੇਸ਼ ਪਾਸ ਕੀਤਾ ਜਾਂਦਾ ਹੈ ਜਾਂ ਪਾਸ ਕਰਨ ਦੀ ਲੋੜ ਹੁੰਦੀ ਹੈ, ਉਪਰੋਕਤ ਨੋਟਿਸ ਜਾਂ ਆਦੇਸ਼ ਨੂੰ ਇਸ ਉਪ-ਧਾਰਾ ਦੇ ਕਲਾਜ (ਏ) ਜਾਂ ਕਲਾਜ (ਬੀ) ਵਿੱਚ ਹਵਾਲੇ ਅਨੁਸਾਰ ਨੋਟਿਸ ਜਾਂ ਆਦੇਸ਼, ਜਿਵੇਂ ਦਾ ਵੀ ਮਾਮਲਾ ਹੋਵੇ, ਮੰਨਿਆ ਜਾਵੇਗਾ:

ਬਸ਼ਰਤੇ ਹੋਰ ਕਿ ਇਸ ਉਪ-ਧਾਰਾ ਅਧੀਨ ਕਾਰਵਾਈਆਂ ਦੀ ਸਮਾਪਤੀ, ਉਹਨਾਂ ਮਾਮਲਿਆਂ ਵਿੱਚ ਜਿੱਥੇ ਧਾਰਾ 107 ਦੀ ਉਪ-ਧਾਰਾ (3) ਅਧੀਨ ਜਾਂ ਧਾਰਾ 112 ਦੀ ਉਪ-ਧਾਰਾ (3) ਅਧੀਨ ਅਰਜ਼ੀ ਦਾਇਰ ਕੀਤੀ ਜਾਂਦੀ ਹੈ ਜਾਂ ਕਿਸੇ ਰਾਜ ਟੈਕਸ ਦੇ ਅਧਿਕਾਰੀ ਦੁਆਰਾ ਧਾਰਾ 117 ਦੀ ਉਪ-ਧਾਰਾ (1) ਅਧੀਨ ਜਾਂ ਧਾਰਾ 118 ਦੀ ਉਪ-ਧਾਰਾ (1) ਅਧੀਨ ਅਪੀਲ ਦਾਇਰ ਕੀਤੀ ਜਾਂਦੀ ਹੈ ਜਾਂ ਜਿੱਥੇ ਕਲਾਜ (ਬੀ) ਜਾਂ ਕਲਾਜ (ਸੀ) ਵਿੱਚ ਦਰਸਾਏ ਗਏ ਆਦੇਸ਼ ਦੇ ਵਿਰੁੱਧ ਜਾਂ ਪਹਿਲੇ ਉਪਬੰਧ ਵਿੱਚ ਹਵਾਲਾ ਦਿੱਤੀ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ ਦੇ ਨਿਰਦੇਸ਼ਾਂ ਦੇ ਵਿਰੁੱਧ, ਧਾਰਾ 108 ਦੀ ਉਪ-ਧਾਰਾ (1) ਅਧੀਨ

ਕੋਈ ਵੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ, ਇਸ ਸ਼ਰਤ ਦੇ ਅਧੀਨ ਹੋਵੇਗਾ ਕਿ ਉਕਤ ਵਿਅਕਤੀ ਭੁਗਤਾਨਯੋਗ ਟੈਕਸ, ਜੇਕਰ ਕੋਈ ਹੋਵੇ, ਦੀ ਵਾਧੂ ਰਕਮ ਦਾ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ ਜਾਂ ਰੀਵੀਜ਼ਨਲ ਅਥਾਰਟੀ, ਜਿਵੇਂ ਦਾ ਵੀ ਮਾਮਲਾ ਹੋਵੇ, ਦੇ ਹੁਕਮਾਂ ਅਨੁਸਾਰ ਉਕਤ ਹੁਕਮ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਭੁਗਤਾਨ ਕਰਦਾ ਹੈ:

ਬਸ਼ਰਤੇ ਇਹ ਵੀ ਕਿ ਜਿੱਥੇ ਅਜਿਹਾ ਵਿਆਜ ਅਤੇ ਜੁਰਮਾਨਾ ਪਹਿਲਾਂ ਹੀ ਅਦਾ ਕੀਤਾ ਜਾ ਚੁੱਕਾ ਹੈ, ਉਸ ਦਾ ਕੋਈ ਰਿਫੰਡ ਉਪਲਬਧ ਨਹੀਂ ਹੋਵੇਗਾ।

(2) ਉਪ-ਧਾਰਾ (1) ਵਿੱਚ ਸ਼ਾਮਲ ਕੁਝ ਵੀ ਗਲਤ ਰਿਫੰਡ ਦੇ ਕਾਰਨ ਵਿਅਕਤੀ ਦੁਆਰਾ ਭੁਗਤਾਨ ਯੋਗ ਕਿਸੇ ਵੀ ਰਕਮ ਦੇ ਸਬੰਧ ਵਿੱਚ ਲਾਗੂ ਨਹੀਂ ਹੋਵੇਗਾ।

(3) ਉਪ-ਧਾਰਾ (1) ਵਿੱਚ ਸ਼ਾਮਲ ਕੁਝ ਵੀ ਉਨ੍ਹਾਂ ਮਾਮਲਿਆਂ ਦੇ ਸਬੰਧ ਵਿੱਚ ਲਾਗੂ ਨਹੀਂ ਹੋਵੇਗਾ ਜਿੱਥੇ ਉਕਤ ਵਿਅਕਤੀ ਦੁਆਰਾ ਦਾਇਰ ਕੀਤੀ ਗਈ ਅਪੀਲ ਜਾਂ ਰਿੱਟ ਪਟੀਸ਼ਨ ਅਪੀਲੀ ਅਥਾਰਟੀ ਜਾਂ ਅਪੀਲੀ ਟ੍ਰਿਬਿਊਨਲ ਜਾਂ ਅਦਾਲਤ, ਜਿਵੇਂ ਦਾ ਵੀ ਮਾਮਲਾ ਹੋਵੇ, ਦੇ ਸਾਹਮਣੇ ਵਿਚਾਰ ਅਧੀਨ ਹੈ, ਅਤੇ ਉਕਤ ਵਿਅਕਤੀ ਦੁਆਰਾ ਉਪ-ਧਾਰਾ(1) ਤਹਿਤ ਅਧਿਸੂਚਿਤ ਮਿਤੀ ਨੂੰ ਜਾਂ ਮਿਤੀ ਤੋਂ ਪਹਿਲਾਂ ਵਾਪਸ ਨਹੀਂ ਲਿਆ ਗਿਆ ਹੈ।

(4) ਇਸ ਐਕਟ ਵਿੱਚ ਸ਼ਾਮਲ ਕੁਝਵੀਹੋਣ ਦੇ ਬਾਵਜੂਦ, ਜਿੱਥੇ ਉਪ-ਧਾਰਾ (1) ਤਹਿਤ ਨਿਰਧਾਰਤ ਕੀਤੀ ਕੋਈ ਵੀ ਰਕਮ ਅਦਾ ਕੀਤੀ ਗਈ ਹੈ ਅਤੇ ਕਾਰਵਾਈਆਂ ਨੂੰ ਉਕਤ ਉਪ-ਧਾਰਾ ਦੇ ਤਹਿਤ ਸੰਪੂਰਨ ਮੰਨਿਆ ਜਾਂਦਾ ਹੈ, ਉਪ-ਧਾਰਾ (1) ਦੇ ਕਲਾਜ (ਬੀ) ਜਾਂ ਕਲਾਜ (ਸੀ), ਜਿਵੇਂ ਦਾਵੀ ਮਾਮਲਾ ਹੋਵੇ, ਵਿੱਚ ਦਰਸਾਏ ਗਏ ਆਦੇਸ਼ ਵਿਰੁੱਧ ਧਾਰਾ 107 ਦੀ ਉਪ-ਧਾਰਾ (1) ਜਾਂ ਧਾਰਾ 112 ਦੀ ਉਪ-ਧਾਰਾ (1) ਅਧੀਨ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ।

ਧਾਰਾ 168A ਨੂੰ ਪਿਛਲਾ ਪ੍ਰਭਾਵ

38. ਪ੍ਰਿੰਸੀਪਲ ਐਕਟ ਵਿੱਚ, ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ ਐਕਟ, 2020 (2020 ਦਾ ਪੰਜਾਬ ਐਕਟ ਨੰ. 16) ਦੁਆਰਾ ਪਾਈ ਗਈ ਧਾਰਾ 168A ਨੂੰ ਹਮੇਸ਼ਾ, ਸਾਰੇ ਉਦੇਸ਼ਾਂ ਲਈ,31 ਮਾਰਚ, 2020 ਤੋਂ ਲਾਗੂ ਮੰਨਿਆ ਜਾਵੇਗਾ।"

2017 ਦੇ ਪੰਜਾਬ ਐਕਟ 5 ਦੀ ਧਾਰਾ 171 ਵਿੱਚ ਸੋਧ

39. ਪ੍ਰਿੰਸੀਪਲ ਐਕਟ ਦੀ ਧਾਰਾ 171 ਵਿੱਚ, -

(a) ਉਪ-ਧਾਰਾ (2) ਵਿੱਚ, ਨਿਮਨਲਿਖਤ ਉਪਬੰਧ ਅਤੇ ਵਿਆਖਿਆ ਸ਼ਾਮਲ ਕੀਤੀ ਜਾਵੇਗੀ, ਅਰਥਾਤ: –

'ਬਸ਼ਰਤੇ ਕਿ ਸਰਕਾਰ ਅਧਿਸੂਚਨਾ ਰਾਹੀਂ ਕਾਉਂਸਲ ਦੀਆਂ ਸਿਫ਼ਾਰਸ਼ਾਂ 'ਤੇ ਅਜਿਹੀ ਮਿਤੀ ਨਿਰਧਾਰਤ ਕਰ ਸਕਦੀ ਹੈ ਜਿਸ ਤੋਂ ਉਕਤ ਅਥਾਰਟੀ ਕਿਸੇ ਰਜਿਸਟਰਡ ਵਿਅਕਤੀ ਦੁਆਰਾ ਮਾਣੇ ਗਏ ਇਨਪੁਟ ਟੈਕਸ ਕ੍ਰੈਡਿਟ ਜਾਂ ਟੈਕਸ ਦਰ ਵਿੱਚ ਕਟੌਤੀ ਦੇ ਨਤੀਜੇ ਵਜੋਂ ਉਸ ਦੁਆਰਾ ਸਪਲਾਈ ਕੀਤੀਆਂ ਗਈਆਂ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਕੀਮਤ ਵਿੱਚ ਅਸਲ ਅਨੁਰੂਪ ਕਟੌਤੀ ਦੀ ਜਾਂ ਚਲਈ ਕੋਈ ਬੇਨਤੀ ਸਵੀਕਾਰ ਨਹੀਂ ਕਰੇਗੀ।

ਵਿਆਖਿਆ—ਇਸ ਉਪ-ਧਾਰਾ ਦੇ ਉਦੇਸ਼ਾਂ ਲਈ, "ਪ੍ਰੀਖਿਆ ਲਈ ਬੇਨਤੀ" ਦਾ ਅਰਥ ਹੈ ਕਿਸੇ ਰਜਿਸਟਰਡ ਵਿਅਕਤੀ ਦੁਆਰਾ ਮਾਣੇ ਗਏ ਇਨਪੁਟ ਟੈਕਸ ਕ੍ਰੈਡਿਟ ਜਾਂ ਟੈਕਸ ਦਰ ਵਿੱਚ ਕਟੌਤੀ ਦੇ ਨਤੀਜੇ ਵਜੋਂ ਉਸ ਦੁਆਰਾ ਸਪਲਾਈ ਕੀਤੀਆਂ ਗਈਆਂ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਕੀਮਤ ਵਿੱਚ ਅਸਲ ਅਨੁਰੂਪ ਕਟੌਤੀ ਦੀ ਜਾਂਚ ਲਈ ਬੇਨਤੀ ਕਰਨ ਵਾਲੇ ਬਿਨੈਕਾਰ ਦੁਆਰਾ ਦਰਜ ਕੀਤੀ ਗਈ ਲਿਖਤੀ ਅਰਜ਼ੀ।'; ਅਤੇ

(b) ਵਿਆਖਿਆ ਨੂੰ ਵਿਆਖਿਆ 1 ਦੇ ਰੂਪ ਵਿੱਚ ਦੁਬਾਰਾ ਨੰਬਰ ਦਿੱਤਾ ਜਾਵੇਗਾ, ਅਤੇ ਅਜਿਹੀ ਦੁਬਾਰਾ ਨੰਬਰ ਕੀਤੀ ਵਿਆਖਿਆ 1 ਤੋਂ ਬਾਅਦ, ਨਿਮਨ ਸਪੱਸ਼ਟੀਕਰਨ ਸ਼ਾਮਲ ਕੀਤਾ ਜਾਵੇਗਾ, ਅਰਥਾਤ: —

'ਵਿਆਖਿਆ 2—ਇਸ ਧਾਰਾ ਦੇ ਉਦੇਸ਼ਾਂ ਲਈ, ਸਮੀਕਰਨ "ਅਥਾਰਟੀ" ਵਿੱਚ "ਅਪੀਲੇਟ ਟ੍ਰਿਬਿਊਨਲ" ਸ਼ਾਮਲ ਹੋਵੇਗਾ।

2017 ਦੇ ਪੰਜਾਬ ਐਕਟ 5 ਦੀ ਅਨੁਸੂਚੀ III

40. ਪ੍ਰਿੰਸੀਪਲ ਐਕਟ ਦੀ ਅਨੁਸੂਚੀ III ਵਿੱਚ, ਪੈਰਾ 8 ਤੋਂ ਬਾਅਦ ਅਤੇ ਵਿਆਖਿਆ 1 ਤੋਂ ਪਹਿਲਾਂ, ਹੇਠਾਂ ਦਿੱਤੇ ਪੈਰੇ ਸ਼ਾਮਲ ਕੀਤੇ ਜਾਣਗੇ, ਅਰਥਾਤ: -

"9. ਸਹਿ-ਬੀਮਾ ਸਮਝੌਤਿਆਂ ਵਿੱਚ ਬੀਮਾਯੁਕਤ ਨੂੰ ਸਹਿ-ਬੀਮਾਕਰਤਾ ਅਤੇ ਮੁੱਖ-

ਵਿੱਚ ਸੋਧ

ਬੀਮਾਕਰਤਾ ਦੁਆਰਾ ਸਾਂਝੇ ਤੌਰ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਬੀਮਾ ਸੇਵਾਵਾਂ ਲਈ ਸਹਿ-ਬੀਮਾਕਰਤਾ ਨੂੰ ਮੁੱਖ-ਬੀਮਾਕਰਤਾ ਦੁਆਰਾ ਸਹਿ-ਬੀਮਾ ਪ੍ਰੀਮੀਅਮ ਦੀ ਵੰਡ ਦੀ ਗਤੀਵਿਧੀ, ਬਸ਼ਰਤੇ ਕਿ ਮੁੱਖ ਬੀਮਾਕਰਤਾ, ਬੀਮਾਯੁਕਤ ਦੁਆਰਾ ਅਦਾ ਕੀਤੇ ਪ੍ਰੀਮੀਅਮ ਦੀ ਪੂਰੀ ਰਕਮ 'ਤੇ ਰਾਜ ਟੈਕਸ, ਕੇਂਦਰੀ ਟੈਕਸ ਅਤੇ ਏਕੀਕ੍ਰਿਤ ਟੈਕਸ ਦਾ ਭੁਗਤਾਨ ਕਰਦਾ ਹੈ।

10. ਬੀਮਾਕਰਤਾ ਦੁਆਰਾ ਪੁਨਰ-ਬੀਮਾਕਰਤਾ ਨੂੰ ਸੇਵਾਵਾਂ ਜਿਸ ਲਈ ਸੀਡਿੰਗ ਕਮਿਸ਼ਨ ਜਾਂ ਪੁਨਰ-ਬੀਮਾ ਕਮਿਸ਼ਨ ਬੀਮਾਕਰਤਾ ਦੁਆਰਾ ਪੁਨਰ-ਬੀਮਾਕਰਤਾ ਨੂੰ ਅਦਾ ਕੀਤੇ ਗਏ ਪੁਨਰ-ਬੀਮਾ ਪ੍ਰੀਮੀਅਮ ਵਿੱਚੋਂ ਕੱਟਿਆ ਜਾਂਦਾ ਹੈ, ਬਸ਼ਰਤੇ ਕਿ ਬੀਮਾਕਰਤਾ ਦੁਆਰਾ ਪੁਨਰ-ਬੀਮਾਕਰਤਾ ਨੂੰ ਉਕਤ ਸੀਡਿੰਗ ਕਮਿਸ਼ਨ ਜਾਂ ਪੁਨਰ-ਬੀਮਾ ਕਮਿਸ਼ਨ ਸਮੇਤ ਭੁਗਤਾਨਯੋਗ ਕੁੱਲ ਪੁਨਰ-ਬੀਮਾ ਪ੍ਰੀਮੀਅਮ ਤੇ ਪੁਨਰ-ਬੀਮਾਕਰਤਾ ਦੁਆਰਾ ਰਾਜ ਟੈਕਸ, ਕੇਂਦਰੀ ਟੈਕਸ ਅਤੇ ਏਕੀਕ੍ਰਿਤ ਟੈਕਸ ਅਦਾ ਕੀਤਾ ਜਾਂਦਾ ਹੈ।"

ਭੁਗਤਾਨ ਕੀਤੇ ਟੈਕਸ ਜਾਂ ਇਨਪੁਟ ਟੈਕਸ ਕ੍ਰੈਡਿਟ ਦੀ ਗੈਰ ਵਾਪਸੀ

41. ਭੁਗਤਾਨ ਕੀਤੇ ਗਏ ਸਾਰੇ ਟੈਕਸ ਜਾਂ ਇਨਪੁਟ ਟੈਕਸ ਕ੍ਰੈਡਿਟ ਰਿਵਰਸ ਕੀਤੇ ਜਾਣ ਦਾ ਕੋਈ ਰਿਫੰਡ ਨਹੀਂ ਕੀਤਾ ਜਾਵੇਗਾ, ਜਿਸਦਾ ਇੰਨਾ ਭੁਗਤਾਨ ਨਹੀਂ ਕੀਤਾ ਗਿਆ ਹੁੰਦਾ, ਜਾਂ ਰਿਵਰਸ ਨਹੀਂ ਕੀਤਾ ਗਿਆ ਹੁੰਦਾ, ਜੇਕਰ ਧਾਰਾ 7 ਹਰ ਸਮੇਂ 'ਤੇ ਲਾਗੂ ਹੁੰਦੀ।

ਮੰਤਵਾਂ ਅਤੇ ਕਾਰਨਾਂ ਦਾ ਬਿਆਨ

ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 (ਐਕਟ) ਰਾਜ ਸਰਕਾਰ ਦੁਆਰਾ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਅੰਤਰ-ਰਾਜ ਸਪਲਾਈ 'ਤੇ ਟੈਕਸ ਲਗਾਉਣ ਅਤੇ ਵਸੂਲੀ ਕਰਨ ਦਾ ਉਪਬੰਧ ਕਰਨ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਸੀ। ਜੀਐਸਟੀ ਪ੍ਰਣਾਲੀ ਦੇ ਅਧੀਨ ਪਾਲਣਾ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ, ਕੇਂਦਰੀ ਵਸਤਾਂ ਅਤੇ ਸੇਵਾਵਾਂ ਟੈਕਸ ਕਾਨੂੰਨ ਦੇ ਉਪਬੰਧਾਂ ਨਾਲ ਇਕਸਾਰਤਾ ਬਣਾਈ ਰੱਖਣ ਲਈ ਪੰਜਾਬ ਵਸਤੂ ਅਤੇ ਸੇਵਾਵਾਂ ਟੈਕਸ ਐਕਟ, 2017 ("ਪੀਜੀਐਸਟੀ ਐਕਟ") ਵਿੱਚ ਸੋਧ ਕਰਨ ਦੀ ਲੋੜ ਹੈ , ਜਿਵੇਂ ਕਿ ਵਿੱਤ ਐਕਟ, 2024, 2024 ਦੇ ਵਿੱਤ ਐਕਟ (ਨੰਬਰ 2) ਦੇ ਨਾਲ ਨਾਲ ਟੈਕਸੇਸ਼ਨ ਅਤੇ ਹੋਰ ਕਾਨੂੰਨ (ਕੁਝ ਉਪਬੰਧਾਂ ਦੀ ਛੋਟ ਅਤੇ ਸੋਧ) ਐਕਟ, 2020 ਰਾਹੀਂ ਸੋਧ ਕੀਤੀ ਗਈ ਹੈ। ਇਸ ਵਿਚ ਇਨਪੁਟ ਸੇਵਾ ਵਿਤਰਕਾਂ ਦੀ ਪਰਿਭਾਸ਼ਾ ਅਤੇ ਉਹਨਾਂ ਦੁਆਰਾ ਕ੍ਰੈਡਿਟ ਦੀ ਵੰਡ ਦੇ ਢੰਗ, ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ ਦੇ ਨਿਰਮਾਣ ਵਿੱਚ ਵਰਤੀ ਜਾਣ ਵਾਲੀ ਐਸਟ੍ਰਾ ਨਿਊਟ੍ਰਲ ਅਲਕੋਹਲ ਨੂੰ ਰਾਜ ਦੇ ਟੈਕਸ ਦੇ ਦਾਇਰੇ ਤੋਂ ਬਾਹਰ ਲੈਣ ਲਈ ਸੋਧ, ਕਿਸੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਮਨ ਕੀਤੇ ਵਿਅਕਤੀ ਦੀ ਤਰਫ਼ੋਂ ਉਚਿਤ ਅਧਿਕਾਰੀ ਦੇ ਸਾਹਮਣੇ ਪੇਸ਼ ਹੋਣ ਦੇ ਸਮਰੱਥ ਬਣਾਉਣ ਲਈ, ਵਿੱਤੀ ਸਾਲ 2024-25 ਤੋਂ ਮੰਗਾਂ ਦੇ ਸਬੰਧ ਵਿੱਚ ਡਿਮਾਂਡ ਨੋਟਿਸ ਅਤੇ ਆਦੇਸ਼ ਜਾਰੀ ਕਰਨ ਦੀ ਸੀਮਾ ਮਿਆਦ ਨੂੰ ਘਟਾ ਕੇ 42 ਮਹੀਨੇ ਕੀਤੇ ਜਾਣ, ਅਪੀਲੀ ਅਥਾਰਟੀ ਅੱਗੇ ਅਪੀਲ ਦਾਇਰ ਕਰਨ ਲਈ ਪੂਰਵ-ਜਮਾਂ ਦੀ ਵੱਧ ਤੋਂ ਵੱਧ ਰਕਮ ਨੂੰ 25 ਕਰੋੜ ਰੁਪਏ ਤੋਂ ਘਟਾ ਕੇ 20 ਕਰੋੜ ਰੁਪਏ ਕਰਨ, ਵਿੱਤੀ ਸਾਲ 2017-18, 2018-19 ਅਤੇ 2019-20 ਲਈ ਐਕਟ ਦੀ ਧਾਰਾ 73 ਅਧੀਨ ਜਾਰੀ ਕੀਤੇ ਗਏ ਡਿਮਾਂਡ ਨੋਟਿਸਾਂ ਦੇ ਸਬੰਧ ਵਿੱਚ ਵਿਆਜ ਅਤੇ ਜੁਰਮਾਨੇ ਦੀ ਸ਼ਰਤ ਅਧੀਨ ਮੁਆਫੀ ਦਾ ਉਪਬੰਧ ਕਰਨ ਅਤੇ 31 ਮਾਰਚ, 2020 ਤੋਂ ਪੀਜੀਐਸਟੀ ਐਕਟ ਦੀ ਧਾਰਾ 168-ਏ ਨੂੰ ਪੂਰਵ-ਪ੍ਰਭਾਵ ਦੇਣ ਲਈ ਉਪਬੰਧ ਕੀਤੇ ਜਾ ਰਹੇ ਹਨ। ਉਕਤ ਤਬਦੀਲੀਆਂ ਨੂੰ ਲਾਗੂ ਕਰਨ ਲਈ ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 ਵਿੱਚ ਸੋਧ ਕਰਨ ਦੀ ਤਜਵੀਜ਼ ਰੱਖੀ ਜਾਂਦੀ ਹੈ।

ਹਰਪਾਲ ਸਿੰਘ ਚੀਮਾ
ਆਬਕਾਰੀ ਤੇ ਕਰ ਮੰਤਰੀ ਪੰਜਾਬ

# ਵਿੱਤੀ ਮੈਮੋਰੰਡਮ

ਇਸ ਬਿੱਲ ਵਿੱਚ ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 (2017 ਦਾ ਪੰਜਾਬ ਐਕਟ 5) ਵਿਚ ਧਾਰਾਵਾਂ 2, 9, 10, 13, 16, 17, 21, 30, 31, 35, 39, 49, 50, 51, 54, 61, 62, 63, 64, 65, 66, 70, 73, 74, 75, 104, 107, 109, 112, 122, 127, 171 ਅਤੇ ਅਨੁਸੂਚੀ III ਵਿੱਚ ਸੋਧ ਕਰਨ ਅਤੇ ਸੈਕਸ਼ਨ 20 ਨੂੰ ਬਦਲਣ, ਸੈਕਸ਼ਨ 11-ਏ, 74-ਏ, 122-ਏ ਅਤੇ 128-ਏ ਸ਼ਾਮਲ ਕਰਨ ਅਤੇ 31 ਮਾਰਚ, 2020 ਤੋਂ ਧਾਰਾ 168-ਏ ਨੂੰ ਪੂਰਵ ਪ੍ਰਭਾਵ ਦੇਣ ਦਾ ਪ੍ਰਸਤਾਵ ਰੱਖਿਆ ਗਿਆ ਹੈ, ਤਾਂ ਜੋ ਵਿੱਤ ਐਕਟ, 2024, 2024 ਦੇ ਵਿੱਤ ਐਕਟ (ਨੰਬਰ 2) ਅਤੇ ਟੈਕਸੇਸ਼ਨ ਅਤੇ ਹੋਰ ਕਾਨੂੰਨ (ਕੁਝ ਉਪਬੰਧਾਂ ਦੀ ਛੋਟ ਅਤੇ ਸੋਧ) ਐਕਟ, 2020 ਦੇ ਨਾਲ ਇਕਸਾਰਤਾ ਬਣੀ ਰਹੇ। ਇਸ ਵਿਚ ਇਨਪੁਟ ਸੇਵਾ ਵਿਤਰਕਾਂ ਦੀ ਪਰਿਭਾਸ਼ਾ ਅਤੇ ਉਹਨਾਂ ਦੁਆਰਾ ਕ੍ਰੈਡਿਟ ਦੀ ਵੰਡ ਦੇ ਢੰਗ, ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ ਦੇ ਨਿਰਮਾਣ ਵਿੱਚ ਵਰਤੀ ਜਾਣ ਵਾਲੀ ਐਸਟ੍ਰਾ ਨਿਊਟ੍ਰਲ ਅਲਕੋਹਲ ਨੂੰ ਰਾਜ ਦੇ ਟੈਕਸ ਦੇ ਦਾਇਰੇ ਤੋਂ ਬਾਹਰ ਲੈਣ ਲਈ ਸੋਧ, ਕਿਸੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਮਨ ਕੀਤੇ ਵਿਅਕਤੀ ਦੀ ਤਰਫ਼ੋਂ ਉਚਿਤ ਅਧਿਕਾਰੀ ਦੇ ਸਾਹਮਣੇ ਪੇਸ਼ ਹੋਣ ਦੇ ਸਮਰੱਥ ਬਣਾਉਣ ਲਈ, ਵਿੱਤੀ ਸਾਲ 2024-25 ਤੋਂ ਮੰਗਾਂ ਦੇ ਸਬੰਧ ਵਿੱਚ ਡਿਮਾਂਡ ਨੋਟਿਸ ਅਤੇ ਆਦੇਸ਼ ਜਾਰੀ ਕਰਨ ਦੀ ਸੀਮਾ ਮਿਆਦ ਨੂੰ ਘਟਾ ਕੇ 42 ਮਹੀਨੇ ਕੀਤੇ ਜਾਣ, ਅਪੀਲੀ ਅਥਾਰਟੀ ਅੱਗੇ ਅਪੀਲ ਦਾਇਰ ਕਰਨ ਲਈ ਪੂਰਵ-ਜਮਾਂ ਦੀ ਵੱਧ ਤੋਂ ਵੱਧ ਰਕਮ ਨੂੰ 25 ਕਰੋੜ ਰੁਪਏ ਤੋਂ ਘਟਾ ਕੇ 20 ਕਰੋੜ ਰੁਪਏ ਕਰਨ, ਵਿੱਤੀ ਸਾਲ 2017-18, 2018-19 ਅਤੇ 2019-20 ਲਈ ਐਕਟ ਦੀ ਧਾਰਾ 73 ਅਧੀਨ ਜਾਰੀ ਕੀਤੇ ਗਏ ਡਿਮਾਂਡ ਨੋਟਿਸਾਂ ਦੇ ਸਬੰਧ ਵਿੱਚ ਵਿਆਜ ਅਤੇ ਜੁਰਮਾਨੇ ਦੀ ਸ਼ਰਤ ਅਧੀਨ ਮੁਆਫੀ ਦਾ ਉਪਬੰਧ ਕਰਨ ਅਤੇ 31 ਮਾਰਚ, 2020 ਤੋਂ ਪੀਜੀਐਸਟੀ ਐਕਟ ਦੀ ਧਾਰਾ 168-ਏ ਨੂੰ ਪੂਰਵ-ਪ੍ਰਭਾਵ ਦੇਣ ਲਈ ਉਪਬੰਧ ਕੀਤੇ ਜਾ ਰਹੇ ਹਨ। ਇਹਨਾਂ ਉਪਬੰਧਾਂ ਵਿੱਚ ਰਾਜ ਵਿਧਾਨ ਸਭਾ ਦੇ ਐਕਟ ਦੇ ਰੂਪ ਵਿੱਚ ਲਾਗੂ ਹੋਣ 'ਤੇ ਰਾਜ ਦੇ ਏਕੀਕ੍ਰਿਤ ਫੰਡ ਤੋਂ ਆਵਰਤੀ ਜਾਂ ਗੈਰ-ਆਵਰਤੀ ਖਰਚੇ ਸ਼ਾਮਲ ਨਹੀਂ ਹਨ।

---

ਰਾਜਪਾਲ ਨੇ, ਭਾਰਤ ਦੇ ਸੰਵਿਧਾਨ ਦੇ ਆਰਟੀਕਲ 207 ਦੀ ਧਾਰਾ (1) ਅਤੇ (3) ਦੀ ਪਾਲਣਾ ਕਰਦੇ ਹੋਏ, ਪੰਜਾਬ ਵਿਧਾਨ ਸਭਾ ਨੂੰ ਬਿੱਲ ਦੀ ਸ਼ੁਰੂਆਤ ਅਤੇ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਹੈ।

---

ਚੰਡੀਗੜ੍ਹ: ਰਾਮ ਲੋਕ ਖਟਾਣਾ,
2 ਸਤੰਬਰ, 2024 ਸਕੱਤਰ।

---

ਨੋਟ — ਉਪਰੋਕਤ ਬਿੱਲ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਣ) ਵਿਚ ਮਿਤੀ 3 ਸਤੰਬਰ, 2024 ਨੂੰ ਪੰਜਾਬ ਵਿਧਾਨ ਸਭਾ ਵਿਚ ਪ੍ਰਕ੍ਰਿਆ ਅਤੇ ਆਚਰਣ ਨਿਯਮਾਵਲੀ ਦੇ ਨਿਯਮ 121 ਦੇ ਅਧੀਨ ਪ੍ਰਕਾਸ਼ਤ ਕੀਤਾ ਗਿਆ ਸੀ।